Excellence in Agri info
KHETI DUNIYAN, PATIALA

ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)

# ਖੇਤੀ ਦੁਨੀਆਂ

Rs.10/-

All Subject to Patiala Jurisdiction.

www.khetiduniyan.in

Editor : Jagpreet Singh ● RNI/42269/83 ● Issue Dated 06-01-2024 ● Vol.42 No.01 ● Ph. : 0175-2214575, 90410-14575 ● Page : 16 | E-mail : khetiduniyan1983@gmail.com

### ਸਬਜ਼ੀਆਂ ਅਤੇ ਪਸ਼ੂਆਂ ਨੂੰ ਠੰਡ ਅਤੇ ਕੌਰੇ ਤੋਂ ਬਚਾਉਣ ਲਈ ਕਿਸਾਨਾਂ ਨੂੰ ਜ਼ਰੂਰੀ ਉਪਾਅ ਕਰਨ ਦੀਆਂ ਹਦਾਇਤਾਂ

## ਫ਼ਸਲਾਂ ਨੂੰ ਠੰਡ ਅਤੇ ਕੌਰੇ ਤੋਂ ਬਚਾਉਣ ਲਈ ਲਗਾਤਾਰ ਹਲਕੀ ਸਿੰਚਾਈ ਕਰਦੇ ਰਹਿਣ ਕਿਸਾਨ

ਧੁੰਦ ਅਤੇ ਕੌਰੇ ਨੇ ਜਨਜੀਵਨ ਨੂੰ ਬੁਰੀ ਤਰ੍ਹਾਂ ਨਾਲ ਪ੍ਰਭਾਵਿਤ ਕੀਤਾ ਹੋਇਆ ਹੈ, ਪਰੰਤੂ ਧੁੰਦ ਕਾਰਨ ਕਿਸਾਨਾਂ ਦੇ ਚੇਹਰਿਆਂ 'ਤੇ ਰੌਣਕ ਦੇਖਣ ਨੂੰ ਮਿਲ ਰਹੀ ਹੈ, ਕਿਉਕਿ ਧੁੰਦ ਰਬੀ ਦੀ ਫ਼ਸਲ ਵਿਸ਼ੇਸ਼ ਕਰਕੇ ਕਣਕ ਲਈ ਸੰਜੀਵਨੀ ਦਾ ਕੰਮ ਕਰ ਰਹੀ ਹੈ। ਦਸੰਬਰ ਮਹੀਨੇ ਵਿੱਚ ਸਰਦੀ ਦਾ ਵਧਣਾ ਰਬੀ ਫ਼ਸਲਾਂ ਲਈ ਫਾਇਦੇਮੰਦ ਮੰਨਿਆ ਜਾਂਦਾ ਹੈ। ਖੇਤੀ ਮਾਹਿਰਾਂ ਦਾ ਕਹਿਣਾ ਹੈ ਕਿ ਬੇਸ਼ੱਕ ਧੁੰਦ ਕਣਕ ਦੀ ਫ਼ਸਲ ਲਈ ਫਾਇਦੇਮੰਦ ਹੈ, ਪਰੰਤੂ ਸਰਦੀ ਦੇ ਨਾਲ ਕੌਰਾ ਵੀ ਵਧਦਾ ਹੈ ਤਾਂ ਇਹ ਸਰ੍ਹੋਂ ਅਤੇ ਆਲੂ ਦੀ ਫ਼ਸਲ ਲਈ ਨੁਕਸਾਨਦਾਇਕ ਹੋ ਸਕਦਾ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਇਸ ਮੌਸਮ ਵਿੱਚ ਫ਼ਸਲ ਵਿੱਚ ਕੀੜੇ ਲੱਗਣ ਦੀ ਸੰਭਾਵਨਾ ਬਣੀ ਰਹਿੰਦੀ ਹੈ, ਇਸ ਲਈ ਕਿਸਾਨਾਂ ਨੂੰ ਦੇਖ-ਰੇਖ ਦੀ ਜ਼ਿਆਦਾ ਜ਼ਰੂਰਤ ਹੈ। ਫ਼ਸਲਾਂ ਨੂੰ ਠੰਡ ਅਤੇ ਕੌਰੇ ਤੋਂ ਬਚਾਉਣ ਲਈ ਪੀ. ਏ. ਯੂ. ਨੇ ਸਲਾਹ ਦਿੱਤੀ ਹੈ ਕਿ ਕਿਸਾਨ ਲਗਾਤਾਰ ਆਪਣੀਆਂ ਫ਼ਸਲਾਂ ਨੂੰ ਹਲਕੀ ਸਿੰਚਾਈ ਕਰਦੇ ਰਹਿਣ। ਖਾਸ ਕਰਕੇ ਹੈਪੀ ਸੀਡਰ ਨਾਲ ਬੀਜੀ ਗਈ ਕਣਕ ਨੂੰ ਚੂਹਿਆਂ ਤੋਂ ਬਚਾਉਣ ਲਈ ਬਿਜਾਈ ਦੇ 10-15 ਦਿਨਾਂ ਦੇ ਵਕਫੇ 'ਤੇ ਦੋ ਵਾਰ ਜ਼ਿੰਕ ਸਲਫਾਈਡ ਦਵਾਈ ਦੀ ਵਰਤੋਂ ਕਰੋ। ਖੇਤਾਂ ਵਿੱਚ ਗੁੱਲੀ-ਡੰਡਾ ਦੇ ਫੈਲਾਅ ਨੂੰ ਰੋਕਣ ਲਈ ਸਿਫਾਰਿਸ਼ ਕੀਤੇ ਨਦੀਨ-ਨਾਸ਼ਕ ਸਿਫਾਰਿਸ਼ ਕੀਤੀ ਮਾਤਰਾ ਅਨੁਸਾਰ ਹੀ ਵਰਤੋਂ। ਜਿਸ ਕਣਕ ਦੀ ਫ਼ਸਲ ਵਿੱਚ ਮੈਗਨੀਜ਼ ਦੀ ਕਮੀ ਦੇ ਕਾਰਨ ਪੱਤੇ ਪੀਲੇ ਨਜ਼ਰ ਆਉਂਦੇ ਹਨ, ਮੈਗਨੀਜ਼ ਸਲਫੇਟ ਦਾ ਛਿੜਕਾਅ ਕਰੋ। ਇਸ ਤੋਂ ਇਲਾਵਾ ਆਉਣ ਵਾਲੇ ਦਿਨਾਂ ਦੌਰਾਨ ਖੁਸ਼ਕ ਮੌਸਮ ਦੀ ਸੰਭਾਵਨਾ ਨੂੰ ਦੇਖਦੇ ਹੋਏ ਫ਼ਸਲ ਨੂੰ ਜ਼ਰੂਰਤ ਅਨੁਸਾਰ ਪਾਣੀ ਲਗਾਉਣ ਦੀ ਸਲਾਹ ਦਿੱਤੀ ਗਈ ਹੈ।



### ਕਣਕ ਲਈ ਫਾਇਦੇਮੰਦ ਹੈ ਠੰਡ

ਕੌਰਾ ਛਾ ਜਾਣ ਨਾਲ ਰਾਤ ਅਤੇ ਸਵੇਰੇ ਦੇ ਤਾਪਮਾਨ ਵਿੱਚ ਗਿਰਾਵਟ ਆਉਂਦੀ ਹੈ। ਇਸ ਨਾਲ ਰਬੀ ਫ਼ਸਲਾਂ ਦੀ ਦਰ ਵਧਦੀ ਹੈ। ਕੌਰੇ ਨਾਲ ਰਾਤ ਅਤੇ ਸਵੇਰੇ ਦਾ ਤਾਪਮਾਨ ਡਿੱਗਣ ਨਾਲ ਕਣਕ ਦੀ ਫ਼ਸਲ ਦਾ ਫੁਟਾਅ ਚੰਗਾ ਹੋਵੇਗਾ ਅਤੇ ਝਾੜ ਵੀ ਜ਼ਿਆਦਾ ਹੋਵੇਗਾ। ਜਿਸਦਾ ਲਾਭ ਕਿਸਾਨ ਨੂੰ ਮਿਲੇਗਾ। ਦਿਨ ਦਾ ਤਾਪਮਾਨ ਲਗਭਗ ਅਨੁਕੂਲ ਰਹਿਣ ਨਾਲ ਕਿਸੇ ਵੀ ਤਰ੍ਹਾਂ ਦੇ ਨੁਕਸਾਨ ਦੀ ਕੋਈ ਸੰਭਾਵਨਾ ਨਹੀਂ ਹੈ। ਕਿਸਾਨਾਂ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦਾ ਮੌਸਮ ਇਸ ਸਮੇਂ ਖੇਤੀ-ਕਿਰਸਾਨੀ ਲਈ ਫਾਇਦੇਮੰਦ ਹੁੰਦਾ ਹੈ। ਖਾਸ ਕਰਕੇ ਕਣਕ, ਛੋਲੇ, ਮਟਰ ਆਦਿ ਦੀ ਫ਼ਸਲ ਨੂੰ ਇਸ ਸਰਦੀ ਤੋਂ ਫਾਇਦਾ ਹੋਵੇਗਾ।



### ਸਬਜ਼ੀਆਂ ਨੂੰ ਠੰਡ ਤੋਂ ਬਚਾਉਣ ਲਈ ਵਰਤੋਂ ਇਹ ਸਾਵਧਾਨੀ

ਸਬਜ਼ੀਆਂ ਜਿਵੇਂ ਆਲੂ, ਗਾਜਰ, ਮੂਲੀ, ਸ਼ਲਗਮ, ਪਾਲਕ, ਧਨੀਆ, ਮੇਥੀ, ਲੱਸਣ, ਮਟਰ, ਟਮਾਟਰ, ਬੈਂਗਣ, ਮਿਰਚ ਅਤੇ ਸ਼ਿਮਲਾ ਮਿਰਚ ਦੇ ਖੇਤਾਂ ਦੀ ਮਲਚਿੰਗ ਕੀਤੀ ਜਾ ਸਕਦੀ ਹੈ। ਮਲਚਿੰਗ ਕਰਨ ਨਾਲ ਜ਼ਮੀਨ ਦਾ ਤਾਪਮਾਨ ਕੁਝ ਹੱਦ ਤੱਕ ਬਰਕਰਾਰ ਰਹਿੰਦਾ ਹੈ। ਸਬਜ਼ੀਆਂ ਦੀ ਪਨੀਰੀ ਅਤੇ ਫਸਲਾਂ ਜਿਵੇਂ ਟਮਾਟਰ, ਬੈਂਗਣ ਅਤੇ ਮਿਰਚ ਨੂੰ ਠੰਡ ਤੋਂ ਬਚਾਓ। ਪਿਆਜ਼ ਦੀ ਪਨੀਰੀ ਨੂੰ ਖੇਤ ਵਿੱਚ ਲਗਾਉਣ ਲਈ ਇਹ ਸਹੀ ਸਮਾਂ ਹੈ। ਆਲੂ ਦੀ ਫ਼ਸਲ ਨੂੰ ਵਿਸ਼ਾਣੂ ਤੋਂ ਬਚਾਉਣ ਲਈ ਆਪਣੇ ਖੇਤਾਂ ਦਾ ਸਰਵੇਖਣ ਕਰਦੇ ਰਹੋ। ਜੇਕਰ ਵਿਸ਼ਾਣੂ ਰੋਗ ਤੋਂ ਪ੍ਰਭਾਵਿਤ ਪੌਦੇ ਨਜ਼ਰ ਆਉਣ ਤਾਂ ਉਨ੍ਹਾਂ ਨੂੰ ਆਲੂ ਸਮੇਤ ਪੁੱਟ ਕੇ ਦਬਾ ਦਿਉ। ਆਲੂਆਂ ਨੂੰ ਝੁਲਸਾ ਰੋਗ ਤੋਂ ਬਚਾਉਣ ਲਈ ਸਿਫਾਰਿਸ਼-ਸ਼ੁਦਾ ਦਵਾਈਆਂ ਦੀ ਵਰਤੋਂ ਕਰੋ।

### ਸਿੰਚਾਈ ਨਾਲ ਫ਼ਸਲਾਂ 'ਤੇ ਕੌਰੇ ਦਾ ਅਸਰ ਘੱਟ ਹੋਵੇਗਾ

ਡਾ. ਹਸਨ ਸਿੰਘ, ਚੀਫ ਐਗਰੀਕਲਚਰ ਅਫਸਰ, ਬਠਿੰਡਾ ਦਾ ਕਹਿਣਾ ਹੈ ਕਿ ਕਣਕ ਦੀ ਫ਼ਸਲ ਲਈ ਧੁੰਦ ਫਾਇਦੇਮੰਦ ਹੈ। ਇਸ ਨਾਲ ਕਣਕ ਦਾ ਫੁਟਾਰਾ ਚੰਗਾ ਹੋਵੇਗਾ, ਜਿਸ ਨਾਲ ਝਾੜ ਵੀ ਵਧੇਰੇ ਹੋਵੇਗਾ। ਇਸ ਤੋਂ ਇਲਾਵਾ ਆਲੂ, ਟਮਾਟਰ, ਸਰ੍ਹੋਂ ਅਤੇ ਹੋਰ ਫ਼ਸਲਾਂ ਨੂੰ ਕੌਰੇ ਤੋਂ ਬਚਾਉਣ ਲਈ ਕਿਸਾਨ ਸਮੇਂ-ਸਮੇਂ 'ਤੇ ਆਪਣੀਆਂ ਫ਼ਸਲਾਂ ਨੂੰ ਹਲਕੀ ਸਿੰਚਾਈ ਕਰਦੇ ਰਹਿਣ। ਇਸ ਨਾਲ ਫ਼ਸਲਾਂ 'ਤੇ ਕੌਰੇ ਦਾ ਜ਼ਿਆਦਾ ਅਸਰ ਨਹੀਂ ਹੋਵੇਗਾ।

### ਪਸ਼ੂਆਂ ਨੂੰ ਠੰਡ ਤੋਂ ਇੰਝ ਬਚਾਓ

ਸਰਦੀਆਂ ਵਿੱਚ ਸ਼ੈਡ ਦੇ ਅੰਦਰ ਆ ਰਹੀ ਠੰਡੀ ਹਵਾ ਦਾ ਪਸ਼ੂਆਂ ਦਾ ਦੁੱਧ ਦੇਣ ਦੀ ਸਮਰੱਥਾ 'ਤੇ ਕਾਫ਼ੀ ਅਸਰ ਪੈਂਦਾ ਹੈ। ਘੱਟ ਤਾਪਮਾਨ ਅਤੇ ਠੰਡੀ ਹਵਾ ਪਸ਼ੂਆਂ ਦੀ ਸਿਹਤ ਲਈ ਹਾਨੀਕਾਰਕ ਹੈ। ਖੋਜ ਵਿੱਚ ਇਹ ਸਾਬਿਤ ਹੋਇਆ ਹੈ ਕਿ ਜੋ ਸ਼ੈਡ ਦੋਵੇਂ ਪਾਸਿਆਂ ਤੋਂ ਖੁੱਲ੍ਹੇ ਹਨ। ਜੇਕਰ ਉਨ੍ਹਾਂ ਵਿੱਚ ਰਾਤ ਸਮੇਂ ਪੱਲੀਆਂ ਲਗਾ ਕੇ ਠੰਡੀ ਹਵਾ ਨੂੰ ਰੋਕਿਆ ਜਾਵੇ ਤਾਂ ਹਰੇਕ ਮੱਝ ਦਾ ਇੱਕ ਦਿਨ ਵਿੱਚ 500 ਗ੍ਰਾਮ ਦੁੱਧ ਦੂਜੇ ਸ਼ੈਡਾਂ ਦੇ ਪਸ਼ੂਆਂ ਦੇ ਮੁਕਾਬਲੇ ਵੱਧ ਜਾਂਦਾ ਹੈ, ਜਿਨ੍ਹਾਂ ਨੂੰ ਠੰਡੀ ਹਵਾ ਤੋਂ ਨਹੀਂ ਬਚਾਇਆ ਜਾਂਦਾ।




### 15 ਕੁਇੰਟਲ ਵਜ਼ਨੀ ਝੋਟਾ ਕੀਮਤ 10 ਕਰੋੜ

ਪਟਨਾ ਵਿੱਚ ਪਸ਼ੂ ਮੇਲੇ ਵਿੱਚ ਖਿੱਚ ਦਾ ਕੇਂਦਰ ਬਣਿਆ 15 ਕੁਇੰਟਲ ਵਜ਼ਨੀ ਝੋਟਾ, ਜਿਸ ਦੀ ਕੀਮਤ 10 ਕਰੋੜ ਰੁਪਏ ਦੱਸੀ ਜਾ ਰਹੀ ਹੈ।



ਪੱਤਝੜੀ ਫਲਦਾਰ ਬੂਟਿਆਂ ਵਿੱਚੋਂ ਆੜੂ ਦੇ ਫੁੱਲ ਪੈਣ ਸਮੇਂ ਜੇ ਕੋਰਾ ਪੈ ਜਾਵੇ ਤਾਂ ਇਹ ਸਭ ਤੋਂ ਵੱਧ ਪ੍ਰਭਾਵਿਤ ਹੁੰਦੇ ਹਨ ਕਿਉਂਕਿ ਇਸ ਦੇ ਫੁੱਲ ਬਹਾਰ ਦੇ ਸ਼ੁਰੂ ਵਿਚ ਹੀ ਪੈ ਜਾਂਦੇ ਹਨ । ਇਸ ਲਈ ਕਈ ਵਾਰ ਬਹਾਰ ਰੁੱਤ ਦੇ ਸ਼ੁਰੂ ਵਿਚ ਵੀ ਕੋਰੇ ਤੋਂ ਬਚਾਅ ਕਰਨਾ ਪੈਂਦਾ ਹੈ । ਪਰ ਸਦਾਬਹਾਰ ਫਲਦਾਰ ਬੂਟੇ ਜਿਵੇਂ ਅੰਬ, ਲੀਚੀ, ਪਪੀਤਾ, ਅਮਰੂਦ, ਕੇਲਾ, ਆਮਲਾ ਅਤੇ ਨਿੰਬੂ ਜਾਤੀ ਦੇ ਫਲ ਇਸ ਦੇ ਪ੍ਰਭਾਵ ਥੱਲੇ ਜ਼ਿਆਦਾ ਆਉਂਦੇ ਹਨ । ਇਸ ਲਈ ਖਾਸ ਕਰਕੇ ਇਸ ਸਮੇਂ ਸਦਾਬਹਾਰ ਫਲਦਾਰ ਬੂਟਿਆਂ ਦੀ ਸਾਂਭ ਸੰਭਾਲ ਵੱਲ ਧਿਆਨ ਦੇਣਾ ਲਾਜ਼ਮੀ ਹੈ ।







# ਫਲਦਾਰ ਬੂਟਿਆਂ ਨੂੰ ਕੋਰੇ ਤੋਂ ਕਿਵੇਂ ਬਚਾਈਏ?

ਸਵਰੀਤ ਖਹਿਰਾ, ਫਾਰਮ ਸਲਾਹਕਾਰ ਸੇਵਾ ਕੇਂਦਰ, ਤਰਨਤਾਰਨ (ਮੋਬਾਇਲ 88723-83400)

ਫਲਦਾਰ ਬੂਟਿਆਂ ਦੀ ਹਰ ਉਮਰ ਵਿਚ ਸਹੀ ਦੇਖਭਾਲ ਬਹੁਤ ਹੀ ਜ਼ਰੂਰੀ ਹੈ । ਬਾਗਬਾਨੀ ਇਕ ਲੰਬੇ ਅਰਸੇ ਦਾ ਕਿੱਤਾ ਹੋਣ ਕਰਕੇ ਇਸ ਦੀ ਹਰ ਪੱਖੋਂ ਤਕਨੀਕੀ ਜਾਣਕਾਰੀ ਪ੍ਰਾਪਤ ਕਰਨੀ ਬਹੁਤ ਜ਼ਰੂਰੀ ਹੈ ਤਾਂ ਹੀ ਬੂਟਿਆਂ ਦੀ ਸੁਚੱਜੀ ਦੇਖਭਾਲ ਹੋ ਸਕਦੀ ਹੈ । ਬਾਗ ਵਿਚ ਬੂਟਿਆਂ ਦੀ ਸਥਿਤੀ ਨਿਰਧਾਰਿਤ ਕਰਨ ਤੋਂ ਬਾਅਦ ਬੂਟੇ ਲਗਾਉਣ ਦੀ ਦਿਸ਼ਾ, ਬੂਟਿਆਂ ਦਾ ਗਰਮੀ ਅਤੇ ਸਰਦੀ ਲਈ ਵਾੜ ਲਾਉਣੀ ਆਦਿ ਸਭ ਦੀ ਵਿਉਂਤਬੰਦੀ ਪਹਿਲਾਂ ਹੀ ਕਰਨੀ ਚਾਹੀਦੀ ਹੈ । ਭਾਵੇਂ ਗਰਮੀਆਂ ਹੋਣ ਜਾਂ ਸਰਦੀਆਂ, ਹਰ ਮੌਸਮ ਵਿਚ ਫਲਦਾਰ ਬੂਟਿਆਂ ਨੂੰ ਸਰਦੀ ਰੁੱਤ ਵਿਚ ਨਜ਼ਰ ਅੰਦਾਜ਼ ਕਰ ਦਿੰਦੇ ਹਨ ਜਿਸ ਦੇ ਸਿੱਟੇ ਵਜੋਂ ਸਰਦ ਰੁੱਤ ਵਿਚ ਬੂਟੇ ਕੋਰੇ ਦੇ ਪ੍ਰਭਾਵ ਨਾਲ ਮਰ ਜਾਂਦੇ ਹਨ । ਜਦ ਤਾਪਮਾਨ ਸਰਦੀਆਂ ਵਿਚ ਸਿਫਰ ਸੈਂਟੀਗਰੇਡ ਤੋਂ ਥੱਲੇ ਡਿੱਗ ਜਾਂਦਾ ਹੈ ਤਾਂ ਕੋਰਾ ਪੈਣਾ ਸ਼ੁਰੂ ਹੋ ਜਾਂਦਾ ਹੈ । ਪੰਜਾਬ ਵਿਚ ਕੋਰੇ ਦਾ ਪ੍ਰਭਾਵ ਅਖੀਰ ਦਸੰਬਰ ਤੇ ਜਨਵਰੀ ਮਹੀਨਿਆਂ ਵਿਚ ਰਹਿੰਦਾ ਹੈ । ਕੋਰਾ ਬੂਟਿਆਂ ਨੂੰ ਕਾਫੀ ਨੁਕਸਾਨ ਕਰਦਾ ਹੈ । ਅਜਿਹੀ ਅਵਸਥਾ ਵਿਚ ਫਲਦਾਰ ਬੂਟਿਆਂ ਦੀਆਂ ਟਾਹਣੀਆਂ, ਨਰਮ ਨਵੇਂ ਨਿਕਲੇ ਪੱਤਿਆਂ ਅਤੇ ਫੁੱਲਾਂ ਤੇ ਬਹੁਤ ਹੀ ਮਾੜਾ ਅਸਰ ਹੁੰਦਾ ਹੈ । ਜੇ ਇਸ ਸਮੇਂ ਬੂਟਿਆਂ ਦੀ ਸਹੀ ਦੇਖਭਾਲ ਨਾ ਕੀਤੀ ਜਾਵੇ ਤਾਂ ਇਹਨਾਂ ਤੇ ਬਰਫ ਜੰਮਣ ਨਾਲ ਵੀ ਕਈ ਬੂਟੇ ਮਰ ਜਾਂਦੇ ਹਨ । ਪੱਤਝੜੀ ਫਲਦਾਰ ਬੂਟੇ ਜਿਵੇਂ ਨਾਖ, ਆੜੂ, ਅਲੂਚਾ, ਅੰਗੂਰ ਆਦਿ ਸਰਦ ਰੁੱਤ ਵਿਚ ਸਥਿੱਲ ਅਵਸਥਾ ਵਿਚ ਹੋਣ ਕਰਕੇ ਕੋਰੇ ਦੇ ਪ੍ਰਕੋਪ ਤੋਂ ਬਚ ਜਾਂਦੇ ਹਨ । ਪੱਤਝੜੀ ਫਲਦਾਰ ਬੂਟਿਆਂ ਵਿੱਚੋਂ ਆੜੂ ਦੇ ਫੁੱਲ ਪੈਣ ਸਮੇਂ ਜੇ ਕੋਰਾ ਪੈ ਜਾਵੇ ਤਾਂ ਇਹ ਸਭ ਤੋਂ ਵੱਧ ਪ੍ਰਭਾਵਿਤ ਹੁੰਦੇ ਹਨ ਕਿਉਂਕਿ ਇਸ ਦੇ ਫੁੱਲ ਬਹਾਰ ਦੇ ਸ਼ੁਰੂ ਵਿਚ ਹੀ ਪੈ ਜਾਂਦੇ ਹਨ । ਇਸ ਲਈ ਕਈ ਵਾਰ ਬਹਾਰ ਰੁੱਤ ਦੇ ਸ਼ੁਰੂ ਵਿਚ ਵੀ ਕੋਰੇ ਤੋਂ ਬਚਾਅ ਕਰਨਾ ਪੈਂਦਾ ਹੈ । ਪਰ ਸਦਾਬਹਾਰ ਫਲਦਾਰ ਬੂਟੇ ਜਿਵੇਂ ਅੰਬ, ਲੀਚੀ, ਪਪੀਤਾ, ਅਮਰੂਦ, ਕੇਲਾ, ਆਮਲਾ ਅਤੇ ਨਿੰਬੂ ਜਾਤੀ ਦੇ ਫਲ ਇਸ ਦੇ ਪ੍ਰਭਾਵ ਥੱਲੇ ਜ਼ਿਆਦਾ ਆਉਂਦੇ ਹਨ । ਇਸ ਲਈ ਖਾਸ ਕਰਕੇ ਇਸ ਸਮੇਂ ਸਦਾਬਹਾਰ ਫਲਦਾਰ ਬੂਟਿਆਂ ਦੀ ਸਾਂਭ ਸੰਭਾਲ ਵੱਲ ਧਿਆਨ ਦੇਣਾ ਲਾਜ਼ਮੀ ਹੈ । ਫਲਦਾਰ ਬੂਟਿਆਂ ਨੂੰ ਕੋਰੇ ਤੋਂ ਬਚਾਉਣ ਲਈ ਹੇਠ ਲਿਖੇ ਨੁਕਤੇ ਅਪਣਾਉਣੇ ਚਾਹੀਦੇ ਹਨ । ਇਸ ਤਰ੍ਹਾਂ ਬੂਟਿਆਂ ਦਾ ਵਾਧਾ ਵੀ ਛੇਤੀ ਹੁੰਦਾ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਵੱਧ ਝਾੜ ਲਇਆ ਜਾ ਸਕਦਾ ਹੈ ।

★ **ਹਵਾ ਰੋਕੂ ਵਾੜ ਲਗਾਉਣੀ** : ਫਲਦਾਰ ਬੂਟਿਆਂ ਨੂੰ ਕੋਰੇ ਤੋਂ ਬਚਾਉਣ ਲਈ, ਫਲਦਾਰ ਬੂਟੇ ਲਾਉਣ ਤੋਂ ਪਹਿਲਾਂ ਹਵਾ ਰੋਕੂ ਵਾੜ ਲਗਾਉ । ਇਹ ਵਾੜ ਉੱਤਰ-ਪੱਛਮ ਦਿਸ਼ਾ ਵਿਚ ਲਾਉਣੀ ਚਾਹੀਦੀ ਹੈ । ਹਵਾ ਰੋਕੂ ਵਾੜ ਲਾਉਣ ਲਈ ਹਮੇਸ਼ਾਂ ਸਖਤਜਾਨ ਉੱਚੇ ਦਰਖ਼ਤ ਚੁਣੋ ਜਿਵੇਂ ਟਾਹਲੀ, ਅਰਜਨ, ਸਫੈਦਾ, ਅੰਬ, ਤੂਤ ਆਦਿ ਅਜਿਹੇ ਰੁੱਖ ਚੁਣੋ । ਇਹਨਾਂ ਰੋਕਾਂ ਲਈ ਲਾਏ ਗਏ ਦਰੱਖਤਾਂ ਦੇ ਵਿਚਕਾਰ ਬੋਗਨਵਿਲੀਆ, ਕਰੌਂਦਾ ਆਦਿ ਦੀ ਵਾੜ ਵੀ ਲਗਾ ਦੇਣੀ ਚਾਹੀਦੀ ਹੈ ।

★ **ਸਿੰਚਾਈ** : ਕੋਰੇ ਤੋਂ ਬੂਟਿਆਂ ਨੂੰ ਬਚਾਉਣ ਲਈ ਸਰਦ ਰੁੱਤ ਵਿਚ ਬਾਗਾਂ ਦੀ ਸਿੰਚਾਈ ਕਰਨ ਨਾਲ ਬਾਗ ਦਾ ਤਾਪਮਾਨ 1-2° ਸੈਂਟੀਗਰੇਡ ਤੱਕ ਵਧਾਇਆ ਜਾ ਸਕਦਾ ਹੈ । ਇਹ ਇੱਕ ਸੌਖਾ ਤਰੀਕਾ ਹੈ ਪਰ ਧਿਆਨ ਵਿੱਚ ਰੱਖੋ ਕਿ ਬੂਟਿਆਂ ਨੂੰ ਲੋੜ ਅਨੁਸਾਰ ਅਤੇ ਇਕਸਾਰ ਸਿੰਚਾਈ ਕਰੋ ।

★ **ਧੂੰਏ ਦੇ ਬੱਦਲ ਬਨਾਉਣੇ** : ਇਸ ਤਰੀਕੇ ਨੂੰ ਸਮਜਿੰਗ ਵੀ ਆਖਦੇ ਹਨ । ਭਾਵੇਂ ਇਹ ਤਰੀਕਾ ਬਹੁਤਾ ਪ੍ਰਚਲਿਤ ਨਹੀਂ ਹੈ ਪਰ ਇਸਦੀ ਵਰਤੋਂ ਨਾਲ ਚੰਗੇ ਨਤੀਜੇ ਹਾਸਲ ਹੋ ਜਾਂਦੇ ਹਨ । ਇਸ ਤਰੀਕੇ ਵਿੱਚ ਸੁੱਕੀ ਰਹਿੰਦ-ਖੂੰਹਦ, ਘਾਹ, ਸੁੱਕੇ ਪੱਤਿਆਂ ਦੇ ਢੇਰ ਤਿਆਰ ਕੀਤੇ ਜਾਂਦੇ ਹਨ ਅਤੇ ਸਰਦ ਮੌਸਮ ਵਿੱਚ ਇਹਨਾਂ ਢੇਰਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ । ਢੇਰਾਂ ਨੂੰ ਅੱਗ ਲਗਾ ਕੇ ਹੌਲੀ ਹੌਲੀ ਧੂੰਆਂ ਪੈਦਾ ਕੀਤਾ ਜਾਂਦਾ ਹੈ । ਇਹਨਾਂ ਢੇਰਾਂ ਵਿੱਚ ਸਲ੍ਹਾਬ ਨਹੀਂ ਆਉਣੀ ਚਾਹੀਦੀ ਨਹੀਂ ਤਾਂ ਅੱਗ ਲੱਗਣ ਦੀ ਸੰਭਾਵਨਾ ਘੱਟ ਜਾਂਦੀ ਹੈ । ਜਦ ਕੋਰਾ ਪੈਣਾ ਸ਼ੁਰੂ ਹੋ ਜਾਂਦਾ ਹੈ ਤਾਂ ਇਸ ਵਿਧੀ ਦੀ ਵਰਤੋਂ ਕੀਤੀ ਜਾਂਦੀ ਹੈ ਅਤੇ ਬਾਗ ਦਾ ਤਾਪਮਾਨ ਵਧਾਇਆ ਜਾ ਸਕਦਾ ਹੈ ।

★ **ਬੂਟਿਆਂ ਦੀ ਸਿਧਾਈ ਅਤੇ ਕਾਂਟ-ਛਾਂਟ** : ਫਲਦਾਰ ਬੂਟਿਆਂ ਦੀ ਸਿਧਾਈ ਕਰਕੇ ਨੀਵੇਂ ਰੱਖੋ । ਛੋਟੇ ਕੱਦ ਵਾਲੇ ਰੁੱਖ ਕੋਰੇ ਦਾ ਵਧੀਆ ਤਰੀਕੇ ਨਾਲ ਸਾਹਮਣਾ ਕਰ ਸਕਦੇ ਹਨ । ਇਸ ਲਈ ਅਤਿ ਜ਼ਰੂਰੀ ਹੈ ਕਿ ਫਲਦਾਰ ਬੂਟਿਆਂ ਦੀ ਛੋਟੀ ਉਮਰ ਵਿਚ ਹੀ ਕਾਂਟ-ਛਾਂਟ ਕੀਤੀ ਜਾਵੇ । ਅਜਿਹੇ ਢੰਗ ਨਾਲ ਇਹਨਾਂ ਨੂੰ ਸਖਤ ਜਾਨ ਬਣਾਇਆ ਜਾ ਸਕਦਾ ਹੈ ਅਤੇ ਕੋਰੇ ਤੋਂ ਬਚਾਇਆ ਜਾ ਸਕਦਾ ਹੈ ।

★ **ਕੁੱਲੀਆਂ ਬੰਨ੍ਹਣੀਆਂ** : ਕੁੱਲੀਆਂ ਬੰਨ੍ਹਣ ਲਈ ਪਰਾਲੀ, ਸਰਕੰਡੇ, ਕਮਾਦ ਦੀ ਰਹਿੰਦ-ਖੂੰਹਦ ਦੀ ਵਰਤੋਂ ਕੀਤੀ ਜਾ ਸਕਦੀ ਹੈ । ਕੁੱਲੀਆਂ ਘੱਟ ਖਰਚ ਵਾਲਾ ਸੌਖਾ ਤਰੀਕਾ ਹੈ ਜਿਸ ਨਾਲ ਬੂਟਿਆਂ ਨੂੰ ਕੋਰੇ ਤੋਂ ਬਚਾਇਆ ਜਾ ਸਕਦਾ ਹੈ । ਇਹ ਇੱਕ ਅਸਰਦਾਇਕ ਮਹੱਤਵਪੂਰਨ ਢੰਗ ਹੈ । ਕੁੱਲੀ ਇਸ ਤਰ੍ਹਾਂ ਬਨਾਉਣੀ ਚਾਹੀਦੀ ਹੈ ਕਿ ਉਸਦੇ ਦੱਖਣ ਦਿਸ਼ਾ ਵਾਲੇ ਪਾਸੇ ਰੌਸ਼ਨੀ ਅਤੇ ਹਵਾ ਅੰਦਰ ਜਾ ਸਕੇ ਤਾਂ ਜੋ ਪੌਦੇ ਦੇ ਵਿਕਾਸ ਤੇ ਕੋਈ ਅਸਰ ਨਾ ਪਵੇ ।

★ ਇਹਨਾਂ ਮੁੱਖ ਤਰੀਕਿਆਂ ਤੋਂ ਇਲਾਵਾ ਬੂਟਿਆਂ ਤੇ ਤਣਿਆਂ ਨੂੰ ਕੋਰੇ ਤੋਂ ਬਚਾਉਣ ਲਈ ਸਰਦ ਰੁੱਤ ਵਿਚ ਬੋਰੀਆਂ ਨਾਲ ਢੱਕਿਆ ਜਾ ਸਕਦਾ ਹੈ । ਪਪੀਤੇ ਵਰਗੇ ਫਲਦਾਰ ਬੂਟਿਆਂ ਨੂੰ ਸੁਰੱਖਿਅਤ ਖੇਤੀ ਦੇ ਢੰਗ ਤਰੀਕੇ ਅਪਨਾ ਕੇ ਕੋਰੇ ਤੋਂ ਬਚਾਇਆ ਜਾ ਸਕਦਾ ਹੈ । ਕੇਲੇ ਵਿੱਚ ਫਲਾਂ ਨੂੰ ਪਾਰਦਰਸ਼ੀ ਮੋਮਜਾਮੇ ਦੀ ਸ਼ੀਟ ਨਾਲ ਢੱਕਣ ਨਾਲ ਅਤੇ ਤਣਾ ਕੇਲੇ ਦੇ ਪੱਤਿਆਂ ਨਾਲ ਢੱਕਣ ਨਾਲ, ਕੋਰੇ ਤੋਂ ਕਾਫੀ ਹੱਦ ਤੱਕ ਬਚਾਅ ਹੋ ਜਾਂਦਾ ਹੈ । ਕੋਰੇ ਤੋਂ ਬਚਾਅ ਲਈ ਇਹਨਾਂ ਨੁਕਤਿਆਂ ਨਾਲ ਪੌਦਿਆਂ ਦਾ ਮਰਨ ਦਰ ਘੱਟ ਜਾਂਦਾ ਹੈ ਅਤੇ ਪੌਦਿਆਂ ਦੀ ਸਿਹਤ ਨੂੰ ਬਰਕਰਾਰ ਰੱਖਿਆ ਜਾ ਸਕਦਾ ਹੈ ।

# ਖੁੰਬਾਂ ਦੀ ਕਾਸ਼ਤ ਤੋਂ ਆਮਦਨ

ਗੁਰਪ੍ਰੀਤ ਕੌਰ ਅਤੇ ਰਾਜ ਕੁਮਾਰ,
ਇਕੋਨੋਮਿਕਸ ਐਂਡ ਸੋਸ਼ਿਆਲੋਜੀ ਵਿਭਾਗ
ਪੀ. ਏ. ਯੂ., ਲੁਧਿਆਣਾ



ਖੁੰਬਾਂ ਦੀ ਕਾਸ਼ਤ ਦਾ ਕਿੱਤਾ ਕੋਈ ਵੀ ਵਿਅਕਤੀ ਅਪਣਾ ਸਕਦਾ ਹੈ, ਕਿਉਂਕਿ ਇਸ ਲਈ ਜ਼ਮੀਨ ਅਤੇ ਸ਼ੁਰੂਆਤੀ ਨਿਵੇਸ਼ ਦੀ ਕੋਈ ਖਾਸ ਲੋੜ ਨਹੀਂ ਪੈਂਦੀ । ਖੁੰਬਾਂ ਦੀ ਕਾਸ਼ਤ ਵਿਚ ਵਰਤੀ ਜਾਣ ਵਾਲੀ ਤੂੜੀ ਅਤੇ ਪਰਾਲੀ ਬਹੁਤਾਤ 'ਚ ਉਪਲਬਧ ਹੈ । ਇਸ ਦੀ ਕਾਸ਼ਤ ਦਾ ਸਮਾਂ ਸਤੰਬਰ ਤੋਂ ਮਾਰਚ ਤੱਕ ਹੁੰਦਾ ਹੈ । ਇਸ ਨੂੰ ਸਰਦ ਰੁੱਤ ਦੀ ਖੁੰਬ ਵੀ ਕਿਹਾ ਜਾ ਸਕਦਾ ਹੈ ਪਰ ਅੱਜਕਲ੍ਹ ਵਾਤਾਵਰਨ ਨੂੰ ਕੰਟਰੋਲ/ਅਨੁਕੂਲ ਕਰਕੇ ਇਸ ਦੀ ਪੈਦਾਵਾਰ ਸਾਰਾ ਸਾਲ ਕੀਤੀ ਜਾ ਸਕਦੀ ਹੈ । ਪੀ. ਏ. ਯੂ. ਅਤੇ ਕ੍ਰਿਸ਼ੀ ਵਿਗਿਆਨ ਕੇਂਦਰਾਂ ਵਿਚ ਇਸ ਦੀ ਸਿਖਲਾਈ ਅਗਸਤ-ਸਤੰਬਰ ਦੇ ਮਹੀਨੇ ਦਿੱਤੀ ਜਾਂਦੀ ਹੈ । ਬਾਗਬਾਨੀ ਵਿਭਾਗ, ਪੰਜਾਬ ਵਲੋਂ ਖੁੰਬਾਂ ਦੀ ਕਾਸ਼ਤ ਲਈ ਵਾਤਾਅਨੁਕੂਲ (ਏਅਰ-ਕੰਡੀਸ਼ਨਡ) ਚੈਂਬਰ ਅਤੇ ਹੋਰ ਬੁਨਿਆਦੀ ਢਾਂਚੇ ਲਈ ਮਾਲੀ ਸਹਾਇਤਾ ਵੀ ਮੁਹੱਈਆ ਕਰਵਾਈ ਜਾਂਦੀ ਹੈ ।

ਤਾਜ਼ੀਆਂ ਖੁੰਬਾਂ ਦੀ ਮੰਗ ਮੰਡੀ ਤੋਂ ਇਲਾਵਾ ਹੋਟਲਾਂ, ਰੈਸਟੋਰੈਂਟਾਂ ਅਤੇ ਢਾਬਿਆਂ 'ਤੇ ਕਾਫੀ ਜ਼ਿਆਦਾ ਰਹਿੰਦੀ ਹੈ । ਖੁੰਬਾਂ ਦੀ 'ਸ਼ੈਲਫ ਲਾਈਫ' ਬਹੁਤ ਘੱਟ ਹੁੰਦੀ ਹੈ । ਇਸ ਦੀ ਪ੍ਰੋਸੈਸਿੰਗ ਕਰਕੇ, ਅਚਾਰ ਬਣਾ ਕੇ ਅਤੇ ਡੱਬਾਬੰਦੀ ਕਰਕੇ ਵੱਧ ਆਮਦਨ ਕਮਾਈ ਜਾ ਸਕਦੀ ਹੈ ।

**ਬਟਨ ਖੁੰਬ ਦੀ ਕਾਸ਼ਤ**

ਕਮਰੇ ਦਾ ਆਕਾਰ = 10 ਫੁੱਟ × 10 ਫੁੱਟ × 10 ਫੁੱਟ, ਖੁੰਬਾਂ ਦੀ ਕਾਸ਼ਤ ਲਈ ਖੇਤਰਫਲ = 30 ਵਰਗ ਮੀਟਰ

**ਖੁੰਬਾਂ ਦੀ ਕਾਸ਼ਤ 'ਤੇ ਅੰਦਾਜ਼ਨ ਸਾਲਾਨਾ ਆਮਦਨ**


| ਵੇਰਵਾ | ਮੁੱਲ (ਰੁਪਏ) |
|---|---|
| 1. ਸਾਲਾਨਾ ਪੱਕੇ ਖਰਚੇ (ਕੁੱਲ ਨਿਵੇਸ਼ ਦਾ ਲਗਭਗ 30 ਫੀਸਦੀ) | 2550 |
| 2. ਬਦਲਵੇਂ ਖਰਚੇ (ਦੋ ਫਸਲਾਂ ਲਈ) | 15000 |
| 3. ਕੁੱਲ ਖਰਚੇ (1+2) | 17550 |
| 4. ਕੁੱਲ ਸਾਲਾਨਾ ਆਮਦਨ (ਲਗਭਗ 430 ਕਿਲੋਗ੍ਰਾਮ ਪੈਦਾਵਾਰ ਤੋਂ) | 43000 |
| 5. ਨਿਰੋਲ ਆਮਦਨ (4-3) | 25450 |

**ਖੁੰਬਾਂ ਦੀ ਕਾਸ਼ਤ ਤੇ ਹੋਣ ਵਾਲੇ ਅੰਦਾਜ਼ਨ ਖਰਚੇ**

| ਨਿਵੇਸ਼ | ਮੁੱਲ (ਰੁਪਏ) | ਇਕ ਫਸਲ ਲਈ ਬਦਲਵੇ ਖਰਚੇ | ਮੁੱਲ (ਰੁਪਏ) |
|---|---|---|---|
| ਲੱਕੜ ਦੇ ਫੱਟੇ (5×5 ਫੁੱਟ ਸਾਈਜ਼ ਦੇ) 3 | 3000 | ਤੂੜੀ (8 ਕੁਇੰਟਲ) | 4000 |
| ਸਪਰੇਅ ਪੰਪ, ਬਾਲਟੀਆਂ (2), ਛੋਟਾ ਕੰਡਾ (2) ਅਤੇ ਟੋਕਰੀਆਂ (2) | 2200 | ਖਾਦਾਂ, ਕੀੜੇਮਾਰ, ਦਵਾਈ, ਸ਼ੀਰਾ ਅਤੇ ਜਿਪਸਮ | 1500 |
| ਲੱਕੜ ਦੀਆਂ ਪੇਟੀਆਂ (150) ਜਾਂ ਬਾਂਸਾਂ ਦੀ ਸ਼ੈਲਫ, ਪਲਾਸਟਿਕ ਦੀ ਤਰਪਾਲ ਅਤੇ ਤਰੰਗਲੀਆਂ (2) | 2300 | ਖੁੰਬਾਂ ਦਾ ਬੀਜ (10 ਕਿਲੋਗ੍ਰਾਮ) | 800 |
| ਪਾਣੀ ਵਾਲੀ ਪਾਈਪ | 500 | ਪਲਾਸਟਿਕ ਦੇ ਲਿਫਾਫੇ (3 ਕਿ. ਗ੍ਰਾਮ) | 400 |
| ਫੁਟਕਲ ਖਰਚੇ | 500 | ਬਿਜਲੀ, ਪਾਣੀ ਤੇ ਕੇਸਿੰਗ | 800 |
| ਕੁੱਲ ਨਿਵੇਸ਼ | 8500 | ਕੁੱਲ ਬਦਲਵੇਂ ਖਰਚੇ | 7500 |



# ਕਿਸਾਨਾਂ ਲਈ ਜਨਵਰੀ ਦਾ ਦੂਜਾ ਪੰਦਰਵਾੜਾ



ਡਾ. ਰਣਜੀਤ ਸਿੰਘ

ਮੱਕੀ ਦੀ ਬਿਜਾਈ ਬਹਾਰ ਰੁੱਤ ਵਿੱਚ ਵੀ ਕੀਤੀ ਜਾ ਸਕਦੀ ਹੈ। ਇਸ ਮੌਸਮ ਦੀ ਫਸਲ ਦਾ ਝਾੜ ਸਾਉਣ ਦੀ ਫਸਲ ਤੋਂ ਵੱਧ ਹੁੰਦਾ ਹੈ। ਹੁਣ ਵਾਲੀ ਫਸਲ ਪੱਕਣ ਵਿੱਚ ਕੋਈ ਚਾਰ ਮਹੀਨੇ ਲੈਂਦੀ ਹੈ। ਪੀ ਐੱਮ ਐੱਚ-10, ਪੀ ਐੱਮ ਐੱਚ-1, ਪੀ ਐੱਮ ਐੱਚ-8, ਪੀ ਐੱਮ ਐੱਚ-7, ਪੀ-1844 ਅਤੇ ਡੀ ਕੇ ਸੀ-9108 ਕਿਸਮਾਂ ਦੀ ਸਿਫਾਰਿਸ਼ ਕੀਤੀ ਗਈ ਹੈ। ਸਭ ਤੋਂ ਵੱਧ ਝਾੜ ਡੀ ਕੇ ਸੀ-9108 ਕਿਸਮ ਦਾ ਕੋਈ 32 ਕੁਇੰਟਲ ਪ੍ਰਤੀ ਏਕੜ ਪ੍ਰਾਪਤ ਕੀਤਾ ਜਾ ਸਕਦਾ ਹੈ। ਇੱਕ ਏਕੜ ਦੀ ਬਿਜਾਈ ਲਈ 10 ਕਿਲੋ ਬੀਜ ਦੀ ਲੋੜ ਪੈਂਦੀ ਹੈ। ਕੋਸ਼ਿਸ਼ ਕਰੋ ਕਿ ਪੂਰਬ ਪੱਛਮ ਵਾਲੇ ਪਾਸੇ ਵੱਟਾਂ ਬਣਾ ਕੇ ਦੱਖਣ ਵਾਲੇ ਪਾਸੇ ਬਿਜਾਈ ਕੀਤੀ ਜਾਵੇ। ਵੱਟਾਂ ਵਿਚਕਾਰ 60 ਸੈਂਟੀਮੀਟਰ ਦਾ ਫਾਸਲਾ ਰੱਖੋ। ਬੂਟਿਆਂ ਵਿਚਕਾਰ ਫਾਸਲਾ 20 ਸੈਂਟੀਮੀਟਰ ਰੱਖਿਆ ਜਾਵੇ। ਮੱਕੀ ਲਈ ਖਾਦਾਂ ਦੀ ਵਧੇਰੇ ਲੋੜ ਪੈਂਦੀ ਹੈ। ਰੂੜੀ ਤਾਂ ਜ਼ਰੂਰ ਕੋਈ ਛੇ ਟਨ



**ਮੂਲੀ ਦੀ ਬਿਜਾਈ ਵੀ ਕੀਤੀ ਜਾ ਸਕਦੀ ਹੈ। ਹੁਣ ਪੂਸਾ ਹਿਮਾਨੀ ਕਿਸਮ ਦੀ ਬਿਜਾਈ ਕੀਤੀ ਜਾਵੇ। ਇਕ ਏਕੜ ਲਈ ਪੰਜ ਕਿਲੋ ਬੀਜ ਚਾਹੀਦਾ ਹੈ। ਬਿਜਾਈ ਸਮੇਂ ਲਾਈਨਾਂ ਵਿਚਕਾਰ 45 ਅਤੇ ਬੂਟਿਆਂ ਵਿਚਕਾਰ 7.5 ਸੈਂਟੀਮੀਟਰ ਦਾ ਫਾਸਲਾ ਰੱਖਿਆ ਜਾਵੇ।**

ਪ੍ਰਤੀ ਏਕੜ ਪਾਈ ਜਾਵੇ। ਜੇਕਰ ਖੇਤਾਂ ਵਿੱਚ ਲਗਾਤਾਰ ਰੂੜੀ ਪਾਈ ਜਾਵੇ ਤਾਂ ਰਸਾਇਣਕ ਖਾਦਾਂ ਤੋਂ ਛੁਟਕਾਰਾ ਹੋ ਸਕਦਾ ਹੈ। ਜੇਕਰ ਲੋੜ ਹੋਵੇ ਤਾਂ ਬਿਜਾਈ ਸਮੇਂ 40 ਕਿਲੋ ਯੂਰੀਆ ਅਤੇ 150 ਕਿਲੋ ਸੁਪਰਫਾਸਫੇਟ ਪਾਉ। ਮੁੜ 20 ਕਿਲੋ ਯੂਰੀਆ ਫਸਲ ਨਿਸਰਨ ਸਮੇਂ ਪਾਇਆ ਜਾ ਸਕਦਾ ਹੈ। ਨਦੀਨਾਂ ਦੀ ਰੋਕਥਾਮ ਲਈ ਇੱਕ ਗੋਡੀ ਜ਼ਰੂਰ ਕਰੋ। ਮੱਕੀ ਦੀ ਫਸਲ ਨੂੰ ਪਾਣੀ ਦੀ ਬਹੁਤ ਲੋੜ ਪੈਂਦੀ ਹੈ। ਇਸ ਦੀ ਕਾਸ਼ਤ ਉੱਥੇ ਕਰੋ ਜਿੱਥੇ ਨਹਿਰੀ ਪਾਣੀ ਮਿਲਦਾ ਹੈ ਜਾਂ ਵੱਟਾਂ ਬਣਾ ਕੇ ਕਾਸ਼ਤ ਕਰੋ। ਖੇਤਾਂ ਵਿੱਚ ਪਰਾਲੀ ਵਿਛਾਵੋ। ਜਿੱਥੇ ਤੱਕ ਹੋ ਸਕੇ ਘੱਟ ਰਕਬੇ ਵਿੱਚ ਹੀ ਇਸ ਦੀ ਕਾਸ਼ਤ ਕੀਤੀ ਜਾਵੇ।

ਪਿਆਜ਼ ਦੀ ਵਰਤੋਂ ਹਰ ਘਰ ਵਿੱਚ ਹੀ ਹੁੰਦੀ ਹੈ। ਇਸ ਲਈ ਕਿਸਾਨਾਂ ਨੂੰ ਘੱਟੋ-ਘੱਟ ਘਰ ਦੀ ਲੋੜ ਪੂਰੀ ਕਰਨ ਲਈ ਪਿਆਜ਼ ਦੀ ਖੇਤੀ ਜ਼ਰੂਰ ਕਰਨੀ ਚਾਹੀਦੀ ਹੈ। ਪਨੀਰੀ ਪੁੱਟ ਕੇ ਖੇਤ ਵਿੱਚ ਲਗਾਉਣ ਲਈ ਇਹ ਢੁੱਕਵਾਂ ਸਮਾਂ ਹੈ। ਇਸ ਵਾਰ ਥੋੜੇ ਰਕਬੇ ਵਿੱਚ ਕੀਤੀ ਖੇਤੀ ਨਾਲ ਤਜ਼ਰਬਾ ਹੋ ਜਾਵੇਗਾ ਅਤੇ ਅਗਲੇ ਸਾਲ ਇਸ ਹੇਠ ਰਕਬਾ ਵਧਾਇਆ ਜਾ ਸਕਦਾ ਹੈ। ਪਿਆਜ਼ ਇੱਕ ਏਕੜ ਵਿਚੋਂ 150 ਕੁਇੰਟਲ ਤੋਂ ਵੱਧ ਪ੍ਰਾਪਤ ਹੋ ਸਕਦੇ ਹਨ ਅਤੇ ਇਨ੍ਹਾਂ ਦੀ ਵਿਕਰੀ ਵਿੱਚ ਵੀ ਕੋਈ ਪ੍ਰੇਸ਼ਾਨੀ ਨਹੀਂ ਆਉਂਦੀ। ਜੇਕਰ ਆਪ ਪਨੀਰੀ ਤਿਆਰ ਨਹੀਂ ਕੀਤੀ ਤਾਂ ਕਿਸੇ ਭਰੋਸੇਯੋਗ ਵਸੀਲੇ ਤੋਂ ਪਨੀਰੀ ਪ੍ਰਾਪਤ ਕੀਤੀ ਜਾ ਸਕਦੀ ਹੈ। ਹੁਣ ਦੀ ਲੁਆਈ ਲਈ ਪੀ ਆਰ ਓ-7, ਪੀ ਆਰ ਓ-6, ਪੀ.ਡਬਲਯੂ ਓ-2, ਪੀ ਵਾਈ ਓ-1 ਅਤੇ ਪੀ ਓ ਐੱਚ-1 ਕਿਸਮਾਂ ਦੀ ਸਿਫਾਰਸ਼ ਕੀਤੀ ਗਈ ਹੈ। ਪੀ ਆਰ ਓ-7 ਕਿਸਮ ਕੇਵਲ 120 ਦਿਨਾਂ ਵਿੱਚ ਤਿਆਰ ਹੋ ਜਾਂਦੀ ਹੈ ਅਤੇ 160 ਕੁਇੰਟਲ ਤੱਕ ਪ੍ਰਤੀ ਏਕੜ ਝਾੜ ਦੇ ਦਿੰਦੀ ਹੈ। ਪਨੀਰੀ ਲਗਾਉਣ ਸਮੇਂ ਲਾਈਨਾਂ ਵਿਚਕਾਰ 15 ਅਤੇ ਬੂਟਿਆਂ ਵਿਚਕਾਰ 7.5 ਸੈਂਟੀਮੀਟਰ ਦਾ ਫਾਸਲਾ ਰੱਖੋ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਜੈਵਿਕ ਖਾਦ ਕਨਸ਼ੋਰਸ਼ੀਅਮ ਤਿਆਰ ਕੀਤੀ ਹੈ। ਖੇਤ ਤਿਆਰ ਕਰਦੇ ਸਮੇਂ ਚਾਰ ਕਿਲੋ ਖਾਦ ਪ੍ਰਤੀ ਏਕੜ ਪਾ ਦੇਣੀ ਚਾਹੀਦੀ ਹੈ। ਇਸ ਤੇ ਨਾਲ ਹੀ 20 ਟਨ ਰੂੜੀ ਵੀ ਪ੍ਰਤੀ ਏਕੜ ਪਾਈ ਜਾਵੇ। ਉਦੋਂ ਹੀ 45 ਕਿਲੋ ਯੂਰੀਆ, 125 ਕਿਲੋ ਸੁਪਰਫਾਸਫੇਟ ਅਤੇ 35 ਕਿਲੋ ਮਿਊਰੇਟ ਆਫ ਪੋਟਾਸ਼ ਵੀ ਪ੍ਰਤੀ ਏਕੜ ਪਾਈ ਜਾਵੇ, ਜੇਕਰ ਲੋੜ ਹੋਵੇ ਤਾਂ ਮਹੀਨੇ ਪਿਛੋਂ 45 ਕਿਲੋ ਯੂਰੀਆ ਪ੍ਰਤੀ ਏਕੜ ਹੋਰ ਪਾਇਆ ਜਾ ਸਕਦਾ ਹੈ। ਨਦੀਨਾਂ ਦੀ ਰੋਕਥਾਮ ਲਈ ਗੋਡੀ ਕਰਨੀ ਚਾਹੀਦੀ ਹੈ। ਪਨੀਰੀ ਲਗਾਉਣ ਤੋਂ ਤਿੰਨ ਹਫਤਿਆਂ ਪਿਛੋਂ ਇੱਕ ਗੋਡੀ ਕਰੋ। ਜੇਕਰ ਗੋਡੀ ਨਾ ਹੋ ਸਕੇ ਤਾਂ ਪਨੀਰੀ ਲਾਉਣ ਤੋਂ ਇਕ ਹਫਤੇ ਦੇ ਅੰਦਰ ਗੋਲ 23.5 ਈ ਸੀ ਦਾ 380 ਮਿਲੀਲਿਟਰ 200 ਲਿਟਰ ਪਾਣੀ ਵਿਚ ਘੋਲ ਕੇ ਛਿੜਕਾ ਕਰੋ। ਪਨੀਰੀ ਲਗਾਉਣ ਤੋਂ ਫੌਰਨ ਪਿਛੋਂ ਪਾਣੀ ਲਗਾਵੋ। ਮੁੜ ਲੋੜ ਅਨੁਸਾਰ ਪਾਣੀ ਦਿੰਦੇ ਰਹਿਣਾ ਚਾਹੀਦਾ ਹੈ। ਜਦੋਂ ਭੂਕਾਂ ਸੁੱਕ ਕੇ ਡਿੱਗ ਪੈਣ ਤਾਂ ਪਿਆਜ਼ ਪੁੱਟ ਲੈਣੇ ਚਾਹੀਦੇ ਹਨ। ਪੁਟਾਈ ਤੋਂ ਕੋਈ 15 ਦਿਨ ਪਹਿਲਾਂ ਆਖਰੀ ਪਾਣੀ ਲਗਾਵੋ। ਪੁਟਾਈ ਕਰਨ ਤੋਂ ਪਿਛੋਂ 3-4 ਦਿਨਾਂ ਤੱਕ ਛਾਂਵੇਂ ਸੁੱਕਣ ਦੇਵੋ।

ਪੰਜਾਬੀ ਕਿਸਾਨ ਸਬਜ਼ੀਆਂ ਦੀ ਬਹੁਤ ਘੱਟ ਕਾਸ਼ਤ ਕਰਦੇ ਹਨ। ਸਬਜ਼ੀਆਂ ਦੀ ਕਾਸ਼ਤ ਨਾਲ ਆਮਦਨ ਵਿੱਚ ਵਾਧਾ ਕੀਤਾ ਜਾ ਸਕਦਾ ਹੈ ਅਤੇ ਘਰ ਤਾਜ਼ਾ ਸਬਜ਼ੀ ਬਣਾਈ ਜਾ ਸਕਦੀ ਹੈ। ਅਗੇਤੀਆਂ ਗਰਮੀਆਂ ਦੀਆਂ ਸਬਜ਼ੀਆਂ ਦਾ ਬਿਜਾਈ ਦਾ ਸਮਾਂ ਆ ਗਿਆ ਹੈ। ਹੁਣ ਖਰਬੂਜ਼ਾ ਅਤੇ ਤਰਬੂਜ਼ ਦੀ ਬਿਜਾਈ ਸ਼ੁਰੂ ਕਰ ਲੈਣੀ ਚਾਹੀਦੀ ਹੈ ਤਾਂ ਜੋ ਬਰਸਾਤ ਸ਼ੁਰੂ ਹੋਣ ਤੋਂ ਪਹਿਲਾਂ ਸਾਰਾ ਫਲ ਪ੍ਰਾਪਤ ਕੀਤਾ ਜਾ ਸਕੇ। ਇਹ ਦੋਵੇਂ ਵੇਲਾਂ ਵਾਲੇ ਫਲ ਹਨ। ਇਨ੍ਹਾਂ ਨੂੰ ਗਰਮੀਆਂ ਦੇ ਤੋਹਫੇ ਵੀ ਆਖਿਆ ਜਾਂਦਾ ਹੈ। ਖਰਬੂਜ਼ੇ ਦੀਆਂ ਐੱਮ ਐੱਚ-27, ਐੱਮ ਐੱਚ-51, ਪੰਜਾਬ ਹਾਈਬ੍ਰਿਡ, ਪੰਜਾਬ ਸੁਨਹਿਰੀ ਅਤੇ ਹਰਾ ਮਧੂ ਕਿਸਮਾਂ ਦੀ ਕਾਸ਼ਤ ਲਈ ਸਿਫਾਰਿਸ਼ ਕੀਤੀ ਗਈ ਹੈ। ਜੇਕਰ ਸਰਦੀ ਅਜੇ ਵਧ ਹੈ ਤਾਂ ਪਲਾਸਟਿਕ ਦੇ 100 ਗੇਜ਼ ਵਾਲੇ ਚਿੱਟੇ ਲਿਫਾਫਿਆਂ ਵਿੱਚ ਪਨੀਰੀ ਬੀਜੀ ਜਾ ਸਕਦੀ ਹੈ। ਇਹ ਲਿਫਾਫੇ ਕੰਧ ਦੇ ਨੇੜੇ ਧੁੱਪ ਵਾਲੇ ਪਾਸੇ ਰੱਖੋ। ਇਨ੍ਹਾਂ ਨੂੰ ਫੁਹਾਰੇ ਨਾਲ ਹਰ ਰੋਜ਼ ਪਾਣੀ ਦੇਵੋ। ਫਰਵਰੀ ਦੇ ਅਖੀਰ ਵਿੱਚ ਇਨ੍ਹਾਂ ਬੂਟਿਆਂ ਨੂੰ ਖੇਤ ਵਿਚ ਲਗਾ ਦੇਵੋ। ਇਕ ਏਕੜ ਲਈ 400 ਗ੍ਰਾਮ ਬੀਜ ਕਾਫੀ ਹੈ। ਤਿੰਨ ਮੀਟਰ ਦੇ ਫਾਸਲੇ ਉੱਤੇ ਖੇਲਾਂ ਬਣਾਵੋ ਪਰ ਹਰਾ ਮਧੂ ਲਈ ਇਹ ਫਾਸਲਾ ਚਾਰ ਮੀਟਰ ਕਰ ਦੇਵੋ। ਬੂਟਿਆਂ ਵਿਚਕਾਰ ਫਾਸਲਾ 60 ਸੈਂਟੀਮੀਟਰ ਰੱਖੋ। ਸਿੱਧੀ ਬਿਜਾਈ ਫਰਵਰੀ ਦੇ ਅੱਧ ਵਿੱਚ ਕੀਤੀ ਜਾ ਸਕਦੀ ਹੈ। ਸਾਰੀਆਂ ਸਬਜ਼ੀਆਂ ਲਈ ਰੂੜੀ ਦੀ ਖਾਦ ਬਹੁਤ ਜ਼ਰੂਰੀ ਹੈ। ਇਕ ਏਕੜ ਵਿੱਚ 10 ਟਨ ਰੂੜੀ ਦੀ ਖਾਦ ਬਹੁਤ ਜ਼ਰੂਰ ਪਾਵੋ। ਇਸ ਤੋਂ ਇਲਾਵਾ 110 ਕਿਲੋ ਯੂਰੀਆ, 155 ਕਿਲੋ ਸੁਪਰਫਾਸਫੇਟ ਅਤੇ 40 ਕਿਲੋ ਮਿਊਰੇਟ ਆਫ ਪੋਟਾਸ਼ ਪ੍ਰਤੀ ਏਕੜ ਪਾਈ ਜਾਵੇ। ਸਾਰੀ ਸੁਪਰਫਾਸਫੇਟ ਅਤੇ ਪੋਟਾਸ਼ ਅਤੇ ਤੀਜਾ ਹਿੱਸਾ ਯੂਰੀਆ ਬੀਜਣ ਤੋਂ ਪਹਿਲਾਂ ਪਾਇਆ ਜਾਵੇ। ਬਾਕੀ ਦਾ ਯੂਰੀਆ ਇੱਕ ਮਹੀਨੇ ਪਿਛੋਂ ਪਾਇਆ ਜਾਣਾ ਚਾਹੀਦਾ ਹੈ। ਇਹ ਖਾਦ ਛਿੱਟੇ ਨਾਲ ਨਹੀਂ ਸਗੋਂ ਵੇਲਾਂ ਦੇ ਮੁੱਢਾਂ ਨਾਲ ਪਾ ਕੇ ਮਿੱਟੀ ਵਿੱਚ ਰਲਾਈ ਜਾਵੇ।

ਤਰਬੂਜ਼ ਦੀ ਸ਼ੂਗਰ ਬੇਬੀ ਕਿਸਮ ਦੀ ਸਿਫਾਰਸ਼ ਕੀਤੀ ਗਈ ਹੈ। ਇਕ ਏਕੜ ਲਈ 1½ ਕਿਲੋ ਚਾਹੀਦਾ ਹੈ। ਇਸ ਦੀ ਬਿਜਾਈ ਵੀ ਤਿੰਨ ਮੀਟਰ ਦੇਫਾਸਲੇ ਉੱਤੇ ਖੇਲਾਂ ਬਣਾ ਕੇ ਕੀਤੀ ਜਾਵੇ।

ਕੱਦੂ ਜਾਤੀ ਦੀਆਂ ਕੁੱਝ ਸਬਜ਼ੀਆਂ ਦੀ ਬਿਜਾਈ ਵੀ ਹੁਣ ਕੀਤੀ ਜਾ ਸਕਦੀ ਹੈ। ਚੱਪਣ ਕੱਦੂ, ਹਲਵਾ ਕੱਦੂ ਅਤੇ ਘੀਆ ਕੱਦੂ ਦੀ ਅਗੇਤੀ ਬਿਜਾਈ ਲਈ ਇਹ ਢੁੱਕਵਾਂ ਸਮਾਂ ਹੈ। ਪੰਜਾਬ ਚੱਪਣ ਕੱਦੂ-1, ਚੱਪਣ ਕੱਦੂ ਦੀਆਂ ਪੀ ਪੀ ਐੱਚ-1, ਪੀ ਏ ਯੂ ਮਗਜ਼ ਕੱਦੂ-1, ਪੰਜਾਬ ਸਮਰਾਟ ਤੇ ਪੰਜਾਬ ਨਵਾਬ, ਹਲਵਾ ਕੱਦੂ ਦੀਆਂ ਅਤੇ ਪੰਜਾਬ ਬਹਾਰ, ਪੰਜਾਬ ਬਰਕਤ, ਪੰਜਾਬ ਲੌਂਗ, ਪੰਜਾਬ ਕੋਮਲ ਘੀਆ ਕੱਦੂ ਦੀਆਂ ਸਿਫਾਰਿਸ਼ ਕੀਤੀਆਂ ਕਿਸਮਾਂ ਹਨ। ਚੱਪਣ ਕੱਦੂ ਅਤੇ ਘੀਆ ਕੱਦੂ ਦਾ ਦੋ ਕਿਲੋ ਅਤੇ ਹਲਵਾ ਕੱਦੂ ਦਾ ਇੱਕ ਕਿਲੋ ਬੀਜ ਪ੍ਰਤੀ ਏਕੜ ਚਾਹੀਦਾ ਹੈ। ਚੱਪਣ ਕੱਦੂ ਲਈ 1½ ਮੀਟਰ, ਹਲਵਾ ਕੱਦੂ ਲਈ ਤਿੰਨ ਮੀਟਰ ਅਤੇ ਘੀਆ ਕੱਦੂ ਲਈ ਦੋ ਮੀਟਰ ਦੇ ਫਾਸਲੇ ਤੇ ਖੇਲਾਂ ਬਣਾਓ। ਖੇਲਾਂ ਦੇ ਦੋਵੇਂ ਪਾਸੇ ਬਿਜਾਈ ਕਰੋ।

ਹਮੇਸ਼ਾਂ ਸਿਫਾਰਿਸ਼ ਕੀਤੀਆਂ ਕਿਸਮਾਂ ਦੀ ਕਾਸ਼ਤ ਕਰੋ ਕਿਉਂਕਿ ਇਹ ਕਿਸਮਾਂ ਪੂਰੀ ਪਰਖ ਪਿੱਛੋਂ ਪੰਜਾਬ ਸਰਕਾਰ ਵੱਲੋਂ ਬਣਾਈ ਇੱਕ ਉੱਚ ਪੱਧਰੀ ਕਮੇਟੀ ਵੱਲੋਂ ਪ੍ਰਮਾਣਿਤ ਕੀਤੀਆਂ ਜਾਂਦੀਆਂ ਹਨ।

**ਸਾਰੀਆਂ ਫਸਲਾਂ ਲਈ ਪਾਣੀ ਦੀ ਲੋੜ ਹੈ। ਜੇਕਰ ਮੀਂਹ ਨਹੀਂ ਪਿਆ ਤਾਂ ਪਾਣੀ ਜ਼ਰੂਰ ਦਿੱਤਾ ਜਾਵੇ। ਗੰਨੇ ਦੀ ਕਟਾਈ ਹੁਣ ਪੂਰੇ**



**ਜ਼ੋਰਾਂ ਉੱਤੇ ਹੈ। ਜਿਹੜੇ ਖੇਤ ਦੀ ਫਸਲ ਦਾ ਮੂਢਾ ਰੱਖਣਾ ਹੋਵੇ। ਉਸ ਦੀ ਕਟਾਈ ਹੁਣ ਕਰੋ। ਕਟਾਈ ਧਰਤੀ ਦੇ ਨਾਲ ਕਰੋ। ਰੋਗੀ ਫਸਲ ਦਾ ਮੂਢਾ ਨਾ ਰੱਖਿਆ ਜਾਵੇ। ਕਟਾਈ ਪਿਛੋਂ ਖੇਤ ਵਿੱਚੋਂ ਖੋਰੀ ਬਾਹਰ ਕੱਢ ਕੇ ਪਾਣੀ ਲਗਾ ਦੇਵੋ। ਅਗਲੇ ਮਹੀਨੇ ਗੰਨੇ ਦੀ ਨਵੀਂ ਫਸਲ ਦੀ ਬਿਜਾਈ ਸ਼ੁਰੂ ਹੋ ਜਾਣੀ ਹੈ। ਇਸ ਲਈ ਬੀਜ ਦਾ ਹੁਣ ਤੋਂ ਹੀ ਪ੍ਰਬੰਧ ਕਰੋ। ਬੀਜ ਲਈ ਰੱਖੇ ਗੰਨੇ ਰੋਗ ਰਹਿਤ, ਨਰੋਏ ਅਤੇ ਸਿਫਾਰਿਸ਼ ਕੀਤੀ ਕਿਸਮ ਦੇ ਹੋਣੇ ਚਾਹੀਦੇ ਹਨ।**

# ਘੱਟ ਖਰਚੇ ਵਿਚ ਪਰਾਲੀ ਦਾ ਵਧੀਆ ਹਲ : ਗੁਰਪ੍ਰਤਾਪ ਸਿੰਘ ਧਨੋਆ

ਗੁਰਪ੍ਰਤਾਪ ਸਿੰਘ ਧਨੋਆ ਸਪੁੱਤਰ ਕੈਪਟਨ ਗੁਰਮੇਜ ਸਿੰਘ ਪਿੰਡ ਪੱਟੀ, ਜ਼ਿਲ੍ਹਾ ਤਰਨ ਤਾਰਨ ਦਾ ਵਸਨੀਕ ਹੈ। ਇਹ ਕਿਸਾਨ ਆਪਣੀ ਪੜ੍ਹਾਈ ਦੇ ਸਮੇਂ ਤੋਂ ਹੀ ਪਰਿਵਾਰ ਨਾਲ ਖੇਤੀ ਦੇ ਕੰਮ ਵਿਚ ਹੱਥ ਵਟਾਉਂਦਾ ਰਿਹਾ ਹੈ। ਇਸ ਦੇ ਦੱਸਣ ਮੁਤਾਬਿਕ ਇਹ ਸੰਨ 1991 ਤੋਂ ਹੀ ਪਰਿਵਾਰ ਦੇ ਨਾਲ ਰਵਾਇਤੀ ਖੇਤੀ ਪ੍ਰਣਾਲੀ ਨੂੰ ਕੁਦਰਤੀ ਅਤੇ ਘੱਟ ਖਰਚੇ ਵਾਲੀ ਬਣਾਇਆ ਜਾਵੇ। ਗੁਰਪ੍ਰਤਾਪ ਸਿੰਘ ਨੇ ਦੱਸਿਆ ਕਿ ਜਦੋਂ ਸ਼ੁਰੂ-ਸ਼ੁਰੂ ਵਿਚ ਝੋਨੇ ਦੀ ਪਰਾਲੀ ਨੂੰ ਅੱਗ ਦੀ ਭੇਟ ਕਰਨਾ ਬੁਰਾ ਲਗਦਾ ਸੀ। ਪਰ ਤਵੀਆਂ ਦੇ ਨਾਲ ਪਰਾਲੀ ਨੂੰ ਵਿਚ ਖੇਤ ਵਿਚ ਮਿਲਾਉਣ ਨਾਲ ਖੇਤੀ ਖਰਚਾ ਵੱਧ ਆ ਜਾਂਦਾ ਸੀ। ਫਾਰਮ ਸਲਾਹਕਾਰ ਸੇਵਾ ਕੇਂਦਰ ਤਰਨਤਾਰਨ ਤੋਂ ਪਤਾ ਲੱਗਾ ਹੈ ਕਿ ਪਰਾਲੀ ਨੂੰ ਸੰਭਾਲਣ ਲਈ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਵੱਖ ਵੱਖ ਮਸ਼ੀਨਾਂ ਦੀ ਸਿਫਾਰਿਸ਼ ਕੀਤੀ ਗਈ ਹੈ ਤਾਂ ਸਭ ਤੋਂ ਪਹਿਲਾਂ ਇਹਨਾਂ ਰੋਟਾਵੇਟਰ ਨਾਲ ਖੇਤ ਵਿੱਚ ਪਰਾਲੀ ਨੂੰ ਮਿਲਾ ਕੇ ਫਿਰ ਕਣਕ ਦਾ ਛੱਟਾ ਦੇ ਕੇ ਬਿਜਾਈ ਕੀਤੀ, ਜਿਵੇਂ ਜਿਵੇਂ ਇਹਨਾਂ ਦੀ ਰੁਚੀ ਪਰਾਲੀ ਨੂੰ ਸੰਭਾਲਣ ਵਾਲੇ ਸੰਦਾਂ ਵਿੱਚ ਵੱਧਦੀ ਗਈ ਉਵੇਂ ਉਵੇਂ ਇਹਨਾਂ ਨੇ ਕਣਕ ਦੀ ਬਿਜਾਈ ਕਰਨੀ ਸ਼ੁਰੂ ਕੀਤੀ। ਹੈਪੀ ਸੀਡਰ, ਸੁਪਰ ਸੀਡਰ, ਜ਼ੀਰੋ ਡਰਿੱਲ ਆਦਿ ਤਕਨੀਕਾਂ ਦੀ ਵਰਤੋਂ ਕਰਕੇ ਦੀ ਕਣਕ ਦੀ ਬਿਜਾਈ ਕੀਤੀ। ਪਿਛਲੇ ਦੋ ਸਾਲਾਂ ਤੋਂ ਇਨ੍ਹਾਂ ਨੂੰ ਮਲਚਿੰਗ ਵਿਧੀ ਨਾਲ ਕਣਕ ਦੀ ਬਿਜਾਈ ਕਰਨ ਦਾ ਪਤਾ ਲੱਗਾ ਅਤੇ ਪਹਿਲੇ ਸਾਲ ਉਸਨੇ ਤਜ਼ਰਬੇ ਦੇ ਤੌਰ ਤੇ ਇਕ ਏਕੜ ਵਿਚ ਮਲਚਿੰਗ ਵਿਧੀ ਨਾਲ ਕਣਕ ਦੀ ਬਿਜਾਈ ਕੀਤੀ ਜਿਸਦੇ ਨਤੀਜੇ ਦੂਸਰੀਆਂ ਤਕਨੀਕਾਂ ਨਾਲ ਬੀਜੀ ਕਣਕ ਵਧੀਆ ਰਹੇ। ਬੀਤੇ ਸਾਲ ਉਨ੍ਹਾਂ ਆਪਣੀ ਪੰਜ ਦੀ ਪੰਜ ਏਕੜ ਕਣਕ ਮਲਚਿੰਗ ਵਿਧੀ ਨਾਲ ਬਿਜਾਈ ਕੀਤੀ ਅਤੇ ਜਿਸਦਾ ਝਾੜ ਵੀ ਬਹੁਤ ਵਧੀਆ ਰਿਹਾ, ਕਣਕ ਡਿੱਗਣ ਤੋਂ ਵੀ ਬਚੀ ਸੀ ਅਤੇ ਪਾਣੀ ਦੀ ਵੀ ਬਹੁਤ ਬਚਤ ਹੋਈ, ਇਸ ਤੋਂ ਇਲਾਵਾ ਖਾਦ ਦੀ ਆਮ ਲੋਕਾਂ ਨਾਲੋਂ ਘੱਟ ਪਾਈ। ਜਦਕਿ ਬਿਜਾਈ ਤੇ ਸਿਰਫ 700 ਰੁਪਏ ਪ੍ਰਤੀ ਏਕੜ ਨਾਮ ਮਾਤਰ ਜਿਹਾ ਖਰਚਾ ਆਇਆ ਅਤੇ ਇਹ ਹੋਰ ਲੋਕਾਂ ਨੂੰ ਵੀ ਇਸ ਵਿਧੀ ਨਾਲ ਕਣਕ ਦੀ ਬਿਜਾਈ ਕਰਨ ਲਈ ਪ੍ਰੇਰਿਤ ਕਰ ਰਹੇ ਹਨ, ਖਾਸ ਕਰਕੇ ਉਹਨਾਂ ਮੁਤਾਬਿਕ ਇਸ ਤਕਨੀਕ ਨਾਲ ਜ਼ਮੀਨ ਉੱਤੇ ਵਿਛੀ ਰਹਿੰਦੀ ਹੈ, ਜੋ ਨਦੀਨ ਉੱਗਣ ਨਹੀਂ ਦਿੰਦੀ ਅਤੇ ਜ਼ਮੀਨ ਤੇ ਲੋੜੀਂਦੀ ਨਮੀਂ ਵੀ ਬਣੀ ਰਹਿੰਦੀ ਹੈ। ਸਾਲ 2023 ਵਿਚ ਇਸ ਕਿਸਾਨ ਦਾ ਉਤਸ਼ਾਹ ਵਧਾਉਣ ਲਈ ਅਤੇ ਕਣਕ ਦੀ ਇਹ ਨਵੀਂ ਵਿਧੀ ਨੂੰ ਕਿਸਾਨਾਂ ਦੇ ਖੇਤਾਂ ਵਿਚ ਦੇਖਣ ਲਈ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਦੇ ਵਾਈਸ ਚਾਂਸਲਰ ਡਾ. ਸਤਬੀਰ ਸਿੰਘ ਗੋਸਲ ਆਪਣੀ ਮਾਹਿਰਾਂ ਦੀ ਟੀਮ ਨਾਲ ਉਚੇਚੇ ਤੌਰ ਤੇ ਏਨਾਂ ਦੇ ਖੇਤ ਵਿਚ ਵੀ ਪਹੁੰਚੇ ਸਨ। ਪੰਜਾਬ ਦੇ ਕਿਸਾਨਾਂ ਨੂੰ ਇਹੋ ਜਿਹੇ ਕਿਸਾਨ ਤੋਂ ਸੇਧ ਲੈਣ ਦੀ ਲੋੜ ਹੈ ਤਾਂ ਜੋ ਉਹ ਵੀ ਆਪਣੇ ਖੇਤੀ ਖਰਚੇ ਘਟਾਉਣ ਅਤੇ ਨਵੀਆਂ ਤਕਨੀਕਾਂ ਨੂੰ ਅਪਣਾ ਕੇ ਵੱਧ ਮੁਨਾਫਾ ਲੈਣ।

**ਪਰਮਿੰਦਰ ਸਿੰਘ ਸੰਧੂ, ਅਮਿਤ ਕੌਲ ਅਤੇ ਪਰਵਿੰਦਰ ਸਿੰਘ,**
**ਫਾਰਮ ਸਲਾਹਕਾਰ ਸੇਵਾ ਕੇਂਦਰ, ਤਰਨਤਾਰਨ, ਮੋ. 81464-00233**

# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

# KHETI DUNIYAN

An Exclusive Agricultural Weekly

**ਰਜਿਸਟਰਡ ਆਫਿਸ :**
9-ਏ, ਅਜੀਤ ਨਗਰ,
ਪਟਿਆਲਾ

**ਮਾਰਕੀਟਿੰਗ ਆਫਿਸ :**
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਫੋਨ : 0175-2214575, ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

**ਸਾਲ 42 ਅੰਕ 01**
**ਮਿਤੀ 06-01-2024**

**ਐਡੀਟਰ**
ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**
ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ



**ਸੰਪਾਦਕੀ ਬੋਰਡ**
ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਛੱਤਰਾ
ਡਾ. ਵਰਿੰਦਰ ਲਾਠਰ



**ਕੰਪੋਜ਼ਿੰਗ**
ਏਕਤਾ ਕੰਪਿਊਟਰਜ਼, ਪਟਿਆਲਾ



## ਨੋਟ

★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।

★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।

★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor, Printer & Publisher JAGPREET SINGH
Printed at Vargenia Printers, Sher-e-Punjab Market, Gaushala Road, PATIALA &
Published at Patiala for Prop. JAGPREET SINGH


# ਬਰੌਕਲੀ ਗੋਭੀ ਦੀ ਖੇਤੀ ਅਤੇ ਉਸ ਦੇ ਫਾਇਦੇ




ਬ੍ਰਿਸ਼ ਭਾਨ ਬੁਜਰਕ, ਕਾਹਨਗੜ੍ਹ ਰੋਡ,
ਪਾਤੜਾਂ ਜ਼ਿਲ੍ਹਾ ਪਟਿਆਲਾ (ਮੋ. 98761-01698)


ਦੇਸ਼ ਅੰਦਰ ਹੋਰਨਾਂ ਫਸਲਾਂ ਦੀ ਤਰ੍ਹਾਂ ਬਰੌਕਲੀ ਗੋਭੀ ਦੀ ਕਾਸ਼ਤ ਵੀ ਕੀਤੀ ਜਾਂਦੀ ਹੈ ਪਰ ਇਸ ਕਿਸਮ ਦੀ ਗੋਭੀ ਬਾਰੇ ਲੋਕਾਂ ਨੂੰ ਬਹੁਤੀ ਜਾਣਕਾਰੀ ਨਹੀਂ ਹੈ, ਜਦੋਂ ਕਿ ਫੁੱਲ ਗੋਭੀ, ਪੱਤਾ ਗੋਭੀ, ਗੱਠ ਗੋਭੀ ਆਦਿ ਨਾਲੋਂ ਬਰੌਕਲੀ ਨੂੰ ਸਰੀਰ ਲਈ ਲਾਹੇਵੰਦ ਮੰਨਿਆ ਗਿਆ ਹੈ। ਬਰੌਕਲੀ ਦੀ ਕਾਸ਼ਤ ਵੀ ਸਰਦੀ ਦੇ ਮੌਸਮ 'ਚ ਹੀ ਕੀਤੀ ਜਾਂਦੀ ਹੈ। ਬਰੌਕਲੀ ਕਿਸਮ ਦਾ ਬੂਟਾ ਆਮ ਗੋਭੀ ਦੀਆਂ ਕਿਸਮਾਂ ਵਰਗਾ ਹੀ ਹੁੰਦਾ ਹੈ, ਪਰ ਇਸ ਦਾ ਰੰਗ ਹਰਾ ਹੁੰਦਾ ਹੈ। ਬਰੌਕਲੀ ਗੋਭੀ ਦੀ ਕਾਸ਼ਤ ਫੁੱਲ ਗੋਭੀ ਵਾਂਗ ਹੀ ਕੀਤੀ ਜਾਂਦੀ ਹੈ। ਇਸ ਕਿਸਮ ਨੂੰ ਘਰੇਲੂ ਬਗੀਚੀ 'ਚ ਅਤੇ ਵਪਾਰਕ ਤੌਰ 'ਤੇ ਖੇਤ ਵਿਚ ਵੀ ਲਗਾਇਆ ਜਾ ਸਕਦਾ ਹੈ। ਹੋਰਨਾਂ ਬੂਟਿਆਂ ਵਾਲੀਆਂ



ਫਸਲਾਂ ਦੀ ਤਰ੍ਹਾਂ ਇਸ ਦੀ ਕਾਸ਼ਤ ਵੀ ਪਨੀਰੀ ਦੇ ਰੂਪ 'ਚ ਕੀਤੀ ਜਾਂਦੀ ਹੈ, ਜਦੋਂ ਕਿ ਕਈ ਫਸਲਾਂ / ਫੁੱਲ ਅਤੇ ਸਬਜ਼ੀਆਂ ਬੀਜਣ ਲਈ ਬੀਜ ਦੀ ਜ਼ਰੂਰਤ ਪੈਂਦੀ ਹੈ। ਬਰੌਕਲੀ ਗੋਭੀ ਦੇ ਫੁੱਲਾਂ ਦੀ ਤੁੜਾਈ ਸਮੇਂ ਸਿਰ ਹੀ ਕੀਤੀ ਜਾ ਸਕਦੀ ਹੈ; ਕਿਉਂਕਿ ਇਸ ਦੇ ਫੁੱਲਾਂ ਦੀ ਪੱਕਣ ਸ਼ਕਤੀ ਬਹੁਤ ਤੇਜ਼ੀ ਨਾਲ ਵਧਦੀ ਹੈ। ਖੋਜਾਂ ਤੋਂ ਇਹ ਸਾਬਿਤ ਹੋ ਚੁੱਕਿਆ ਹੈ ਕਿ ਬਰੌਕਲੀ ਇਕ ਸਬਜ਼ੀ ਹੀ ਨਹੀਂ, ਸਗੋਂ ਮਨੁੱਖੀ ਸਰੀਰ ਲਈ ਦਵਾਈ ਦਾ ਕੰਮ ਵੀ ਕਰਦੀ ਹੈ ਜਿਸ ਕਰਕੇ ਇਸ ਦੀ ਵਰਤੋਂ ਕਰਨ ਨਾਲ ਮਾਸਾਹਾਰ ਖੁਰਾਕ ਦੀ ਜ਼ਰੂਰਤ ਵੀ ਨਹੀਂ ਪੈਂਦੀ। ਬਰੌਕਲੀ ਦੀ ਖੇਤੀ ਦਾ ਇਤਿਹਾਸ 15ਵੀਂ ਸਦੀ ਨਾਲ ਜੁੜਿਆ ਹੋਇਆ ਹੈ।

ਬਰੌਕਲੀ 'ਚ ਪੋਟਾਸ਼ੀਅਮ, ਫਾਈਬਰ, ਮਿਨਰਲਜ਼ ਆਦਿ ਵਰਗੇ ਹੋਰ ਵੀ ਕਈ ਤੱਤ ਪਾਏ ਜਾਂਦੇ ਹਨ, ਜਿਹੜੇ ਹਰ ਕਿਸਮ ਦੇ ਕੈਂਸਰ ਰੋਗ ਨੂੰ ਰੋਕਣ 'ਚ ਸਮਰੱਥ ਹੁੰਦੇ ਹਨ ਅਤੇ ਦਿਲ ਦੇ ਰੋਗੀਆਂ ਲਈ ਵੀ ਬਰੌਕਲੀ ਫਾਇਦੇਮੰਦ ਹੈ। ਜਿਹੜੇ ਲੋਕ ਕੱਚੀ ਗੋਭੀ ਸਲਾਦ ਦੇ ਰੂਪ 'ਚ ਖਾਂਦੇ ਹਨ, ਉਨ੍ਹਾਂ ਲਈ ਹੋਰ ਵੀ ਵਧੀਆ ਹੈ; ਕਿਉਂਕਿ ਜ਼ਿਆਦਾ ਤਾਪਮਾਨ 'ਤੇ ਪਕਾਉਣ ਨਾਲ ਇਸ ਦੇ ਖੁਰਾਕੀ ਤੱਤ ਖਤਮ ਹੋ ਜਾਂਦੇ ਹਨ। ਪੱਛਮੀ ਲੋਕਾਂ ਦੇ ਮੁਕਾਬਲੇ ਭਾਰਤੀ ਲੋਕਾਂ ਨੂੰ ਜ਼ਿਆਦਾ ਪੱਕੀਆਂ ਹੋਈਆਂ ਦਾਲਾਂ/ਸਬਜ਼ੀਆਂ ਖਾਣ ਦੀ ਆਦਤ ਹੈ ਪਰ ਜ਼ਿਆਦਾ ਪਕਾਉਣ ਵਾਲੀ ਆਦਤ ਤੋਂ ਬਚਣਾ ਚਾਹੀਦਾ ਹੈ। ਬਰੌਕਲੀ ਗੋਭੀ ਦਾ ਸੂਪ ਵੀ ਬਣਾਇਆ ਜਾ ਸਕਦਾ ਹੈ। ਬਰੌਕਲੀ ਦੇ ਫੁੱਲ/ਪੱਤੇ ਆਦਿ ਦੀ ਵਰਤੇ ਜਾ ਸਕਦੇ ਹਨ। ਕਿਸਾਨ ਬਰੌਕਲੀ ਦੀ ਖੇਤੀ ਵਪਾਰਕ ਤੌਰ 'ਤੇ ਵੀ ਕਰ ਸਕਦੇ ਹਨ ਅਤੇ ਘਰੇਲੂ ਬਗੀਚੀ ਵਿਚ ਬੀਜਣ ਲਈ ਬਜ਼ਾਰ ਚੋਂ ਥੋੜ੍ਹੀ ਮਾਤਰਾ 'ਚ ਪਨੀਰੀ ਵੀ ਮਿਲ ਜਾਂਦੀ ਹੈ, ਜਿਸ ਕਰਕੇ ਘਰੇਲੂ ਪੱਧਰ 'ਤੇ ਵੀ 20-50 ਬੂਟੇ ਲਗਾਏ ਜਾ ਸਕਦੇ ਹਨ।

# ਸਹਾਇਕ ਖੇਤੀ ਧੰਦਿਆਂ ਰਾਹੀਂ ਖੇਤੀ ਵਿੱਚ ਮੱਲਾਂ ਮਾਰਨ ਵਾਲਾ ਕਿਸਾਨ : ਸ. ਹਰਪ੍ਰੀਤ ਸਿੰਘ

ਅਜੋਕਾ ਸਮਾਂ ਖੇਤੀਬਾੜੀ ਨੂੰ ਆਧੁਨਿਕ ਢੰਗ ਨਾਲ ਵਪਾਰਕ ਪੱਧਰ 'ਤੇ ਕਰਨ ਦਾ ਹੈ। ਇਸੇ



ਗੱਲ ਨੂੰ ਆਧਾਰ ਮੰਨ ਕੇ ਪਿੰਡ ਮਲੇਆਣਾ, ਜ਼ਿਲ੍ਹਾ ਮੋਗਾ ਦੇ ਕਿਸਾਨ ਸ: ਕੰਵਲਜੀਤ ਸਿੰਘ ਅਤੇ ਸ: ਹਰਪ੍ਰੀਤ ਸਿੰਘ ਨੇ ਪੰਜ ਸਾਲ ਪਹਿਲਾਂ ਮਸ਼ਰੂਮ ਦੀ ਖੇਤੀ ਕਰਨੀ ਸ਼ੁਰੂ ਕੀਤੀ। ਸ਼ੁਰੂਆਤ ਦੇ ਤਿੰਨ ਸਾਲ ਪਹਿਲਾਂ ਉਨ੍ਹਾਂ ਨੇ ਘਰੇਲੂ ਪੱਧਰ 'ਤੇ ਮਸ਼ਰੂਮ ਦੀ ਕਾਸ਼ਤ ਕਰਨੀ ਸ਼ੁਰੂ ਕੀਤੀ ਤਾਂ ਜੋ ਇਸ ਦੀਆਂ ਉਤਪਾਦਨ ਤਕਨੀਕਾਂ ਤੋਂ ਚੰਗੀ ਤਰ੍ਹਾਂ ਜਾਣੂ ਹੋਇਆ ਜਾ ਸਕੇ। ਚੌਥੇ ਸਾਲ ਵਪਾਰਕ ਪੱਧਰ 'ਤੇ ਕੰਮ ਸ਼ੁਰੂ ਕੀਤਾ ਅਤੇਮੰਡੀਕਰਨ ਦੇ ਨੁਕਤਿਆਂ ਨੂੰ ਸਮਝਿਆ। ਇਸ ਸਾਲ ਉਨ੍ਹਾਂ ਨੇ ਆਪਣਾ ਕੰਪੋਸਟ ਯੂਨਿਟ ਤਿਆਰ ਕੀਤਾ ਅਤੇ 30 ਹਜ਼ਾਰ ਬੈਗ (10 ਕਿਲੋ ਕੰਪੋਸਟ ਮਟੀਰੀਅਲ ਪ੍ਰਤੀ ਬੈਗ) ਨਾਲ ਮਸ਼ਰੂਮ ਦੀ ਖੇਤੀ ਕਰ ਰਹੇ ਹਨ। ਇਸ ਸਮੇਂ ਇੱਕ ਦਿਨ ਦੀ ਔਸਤ ਪੈਦਾਵਾਰ ਤਕਰੀਬਨ 4 ਤੋਂ 5 ਕੁਇੰਟਲ ਹੋ ਰਹੀ ਹੈ, ਜਿਸ ਦਾ ਮੰਡੀਕਰਨ ਮੋਗਾ, ਜਗਰਾਉਂ, ਲੁਧਿਆਣਾ ਅਤੇ ਜਲੰਧਰ ਦੀਆਂ ਮੰਡੀਆਂ ਵਿੱਚ ਕੀਤਾ ਜਾ ਰਿਹਾ ਹੈ। ਸ. ਹਰਪ੍ਰੀਤ ਸਿੰਘ ਦਾ ਸਾਰਾ ਪਰਿਵਾਰ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਅਤੇ ਕੇ. ਵੀ. ਕੇ., ਮੋਗਾ ਅਤੇ ਬਰਨਾਲਾ ਨਾਲ ਜੁੜਿਆ ਹੋਇਆ ਹੈ। ਉਹ ਨਵੀਆਂ ਤਕਨੀਕਾਂ ਤੋਂ ਜਾਣੂ ਹੋਣ ਲਈ ਯੂਨੀਵਰਸਿਟੀ ਅਤੇ ਕੇ. ਵੀ. ਕੇ. ਦੁਆਰਾ ਆਯੋਜਿਤ ਕੀਤੀਆਂ ਜਾਂਦੀਆਂ ਟ੍ਰੇਨਿੰਗਾਂ ਵਿੱਚ ਲਗਾਤਾਰ ਹਿੱਸਾ ਲੈ ਰਹੇ ਹਨ। ਸ. ਕੰਵਲਜੀਤ ਸਿੰਘ ਦੇ ਪੁੱਤਰ ਸ: ਰੁਕਿੰਦਰਪ੍ਰੀਤ ਸਿੰਘ ਅਤੇ ਕੰਵਰਪ੍ਰੀਤ ਸਿੰਘ, ਹਰਪ੍ਰੀਤ ਸਿੰਘ ਦੇ ਪੁੱਤਰ ਹਰਕੀਰਤ ਸਿੰਘ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਵਿਦਿਆਰਥੀ ਹਨ, ਜਿਸ ਕਾਰਨ ਉਨ੍ਹਾਂ ਨੂੰ ਉਤਪਾਦਨ ਸੰਬੰਧੀ ਕਿਸੇ ਵੀ ਖ਼ਾਸ ਤਕਨੀਕੀ ਦਿੱਕਤ ਦਾ ਸਾਹਮਣਾ ਨਹੀਂ ਕਰਨਾ ਪਿਆ। ਇਸੇ ਤਰ੍ਹਾਂ ਹੋਰ ਕਿਸਾਨ ਵੀ ਆਪਣੇ ਬੱਚਿਆਂ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵਿੱਚੋਂ ਪੜ੍ਹਾ ਕੇ ਨਾ ਸਿਰਫ ਵਧੀਆ ਨੌਕਰੀਆਂ ਪ੍ਰਾਪਤ ਕਰਵਾ ਸਕਦੇ ਹਨ, ਬਲਕਿ ਖੇਤੀਬਾੜੀ ਵਿੱਚ ਵੀ ਮੱਲ੍ਹਾਂ ਮਾਰ ਸਕਦੇ ਹਨ।

ਸ: ਕੰਵਲਜੀਤ ਸਿੰਘ ਨੇ ਦੱਸਿਆ ਕਿ ਤਕਰੀਬਨ 20 ਮਜ਼ਦੂਰ ਲਗਾਤਾਰ ਉਨ੍ਹਾਂ ਦੇ ਫਾਰਮ 'ਤੇ ਕੰਮ ਕਰ ਰਹੇ ਹਨ ਅਤੇ ਖੁਦ ਕਮਾਈ ਕਰਨ ਦੇ ਨਾਲ-ਨਾਲ ਪਿੰਡ ਵਿੱਚ ਵੀ ਲਗਾਤਾਰ



ਰੁਜ਼ਗਾਰ ਦੇ ਰਹੇ ਹਨ। ਮਸ਼ਰੂਮ ਦੇ ਕੰਪੋਸਟ ਲਈ ਤੂੜੀ ਅਤੇ ਮੁਰਗੀ ਖਾਦ ਦਾ ਪ੍ਰਬੰਧ ਆਸ-ਪਾਸ ਦੇ ਇਲਾਕੇ ਵਿੱਚੋਂ ਆਸਾਨੀ ਨਾਲ ਹੋ ਜਾਂਦਾ ਹੈ। ਮਸ਼ਰੂਮ ਦੀ ਖੇਤੀ ਨੂੰ ਛੋਟੇ ਪੱਧਰ 'ਤੇ ਕਰਕੇ ਵੀ ਰੋਜ਼ਾਨਾ ਵਧੀਆ ਕਮਾਈ ਕੀਤੀ ਜਾ ਸਕਦੀ ਹੈ ਅਤੇ ਥੋੜ੍ਹੀ ਜਿਹੀ ਜਗ੍ਹਾ ਵਿੱਚ ਜੋ ਅਕਸਰ ਘਰ ਵਿੱਚ ਖਾਲੀ ਪਈ ਹੁੰਦੀ ਹੈ, ਨੂੰ ਵਰਤੋਂ ਵਿੱਚ ਲਿਆਂਦਾ ਜਾ ਸਕਦਾ ਹੈ। ਇਸ ਤਰ੍ਹਾਂ ਛੋਟੇ ਕਿਸਾਨ ਵੀ ਵਧੀਆ ਕਮਾਈ ਕਰ ਸਕਦੇ ਹਨ ਅਤੇ ਆਪਣੇ ਵਿਹਲੇ ਸਮੇਂ ਦਾ ਸਹੀ ਉਪਯੋਗ ਕਰ ਸਕਦੇ ਹਨ।

ਸ: ਹਰਪ੍ਰੀਤ ਸਿੰਘ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਪਰਿਵਾਰ ਪਿਛਲੇ 28 ਸਾਲਾਂ ਤੋਂ ਆਲੂਆਂ ਦੀ ਖੇਤੀ ਕਰ ਰਿਹਾ ਹੈ ਅਤੇ ਮੰਡੀ ਨਾਲ ਸਿੱਧੇ ਤੌਰ 'ਤੇ ਜੁੜਿਆ ਹੋਇਆ ਹੈ, ਜਿਸ ਕਾਰਨ ਉਨ੍ਹਾਂ ਨੂੰ ਮਸ਼ਰੂਮ ਦੇ ਮੰਡੀਕਰਨ ਵਿੱਚ ਬਹੁਤ ਸਹਾਇਤਾ ਮਿਲੀ। ਉਨ੍ਹਾਂ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਅਜੋਕੇ ਸਮੇਂ ਵਿੱਚ ਕਿਸਾਨ ਦਾ ਮੰਡੀ ਨਾਲ ਸਿੱਧਾ ਸੰਬੰਧ ਰੱਖਣਾ ਬਹੁਤ ਜ਼ਰੂਰੀ ਹੈ ਤਾਂ ਜੋ ਕਣਕ-ਝੋਨੇ ਤੋਂ ਇਲਾਵਾ ਦੂਜੀਆਂ ਫ਼ਸਲਾਂ ਦਾ ਉਤਪਾਦਨ ਕਰਦੇ ਹੋਏ ਮੁਨਾਫ਼ੇ ਵਿੱਚ ਵਾਧਾ ਕੀਤਾ ਜਾ ਸਕੇ।


ਵਜਿੰਦਰ ਪਾਲ ਕਾਲੜਾ ਅਤੇ ਸੋਹਣ ਸਿੰਘ ਵਾਲੀਆ,
ਸਕੂਲ ਆਫ ਆਰਗੈਨਿਕ ਫਾਰਮਿੰਗ, ਪੀ. ਏ. ਯੂ.,
ਲੁਧਿਆਣਾ (ਮੋ. 95307-96002)

# ਪੱਤਝੜੀ ਫਲਦਾਰ ਬੂਟੇ ਲਗਾਉਣ ਦਾ ਤਰੀਕਾ ਅਤੇ ਵਿਉਂਤਬੰਦੀ



ਸਰਵਪ੍ਰਿਆ ਸਿੰਘ ਅਤੇ ਗੁਰਮੀਤ ਸਿੰਘ ਢਿਲੋਂ,
ਕ੍ਰਿਸ਼ੀ ਵਿਗਿਆਨ ਕੇਂਦਰ, ਬਠਿੰਡਾ
(ਮੋ.85449-71933)

ਬਾਗ ਲਗਾਉਣ ਸਮੇਂ ਸ਼ੁਰੂਆਤ ਵਿਚ ਕੀਤੀ ਗਈ ਕੋਈ ਵੀ ਗਲਤੀ ਆਉਣ ਵਾਲੇ ਸਮੇਂ ਵਿਚ ਭਾਰੀ ਨੁਕਸਾਨ ਕਰ ਸਕਦੀ ਹੈ। ਬਾਗਬਾਨੀ ਵਿਚ ਹੋਣ ਵਾਲੇ ਨੁਕਸਾਨ ਤੋਂ ਬਚਣ ਲਈ ਜ਼ਰੂਰੀ ਹੈ ਕਿ ਬਾਗ ਲਾਉਣ ਤੋਂ ਪਹਿਲਾਂ ਵਿਉਂਤਬੰਦੀ ਕੀਤੀ ਜਾਵੇ, ਜਿਵੇਂ ਕਿ ਬਾਗ ਲਈ ਸਹੀ ਜ਼ਮੀਨ ਦੀ ਚੋਣ (ਪੀ.ਐਚ. 8.5-8.7 ਤੋਂ ਘੱਟ, ਕੰਡਕਟਿਵਿਟੀ < 0.5-1.0 ਮਿਲੀ ਮਹੋਜ/ਸੈਂਟੀਮੀਟਰ, ਕੈਲਸ਼ੀਅਮ ਕਾਰਬੋਨੇਟ 5-10% ਲਾਈਮ ਕਨਕਰੀਸ਼ਨ 10-20% ਅਤੇ ਚੰਗੇ ਜਲ ਨਿਕਾਸ ਵਾਲੀ), ਸਿੰਚਾਈ ਦਾ ਪ੍ਰਬੰਧ (ਨਹਿਰੀ/ਚੰਗਾ ਪਾਣੀ), ਬਾਗ ਵਿਚਲੇ ਰਸਤੇ, ਇਮਾਰਤ, ਬੂਟਿਆਂ ਵਿਚਕਾਰ



ਸਹੀ ਫਾਸਲਾ ਆਦਿ ਬਾਰੇ ਧਿਆਨ ਰੱਖਿਆ ਜਾਵੇ। ਪੱਤਝੜੀ ਫਲਦਾਰ ਬੂਟਿਆਂ ਵਿੱਚੋਂ ਅੰਗੂਰ ਅਤੇ ਨਾਸ਼ਪਾਤੀ ਅੱਧ-ਫਰਵਰੀ ਤੱਕ ਲਗਾਏ ਜਾ ਸਕਦੇ ਹਨ। ਬਾਗ ਲਾਉਣ ਤੋਂ ਪਹਿਲਾਂ ਬਣਾਇਆ ਗਿਆ ਖਾਕਾ ਬੂਟਿਆਂ ਦੀ ਬਾਗ ਵਿਚ ਸਹੀ ਵੰਡ, ਸੌਖੀ ਦੇਖਭਾਲ ਅਤੇ ਬੂਟਿਆਂ ਦੇ ਵਿਕਾਸ ਲਈ ਲੋੜੀਂਦੀ ਜਗ੍ਹਾ ਰੱਖਣ ਵਿਚ ਮਦਦ ਕਰਦਾ ਹੈ। ਉਸੇ ਤਰ੍ਹਾਂ ਬਾਗ ਨਾਲ ਸਬੰਧਤ ਕੰਮ ਜਿਵੇਂ ਕਿ ਨਦੀਨਾਂ ਦੀ ਰੋਕਥਾਮ, ਸਿੰਚਾਈ ਸਪਰੇਅ, ਰੂੜੀ ਅਤੇ ਖਾਦਾਂ, ਅੰਤਰ ਫਸਲਾਂ ਅਤੇ ਤੁੜਾਈ ਅਸਾਨੀ ਨਾਲ ਹੋ ਸਕਦੀ ਹੈ।

**ਬਾਗ ਲਗਾਉਣ ਦੇ ਢੰਗ ਅਤੇ ਤਰੀਕਾ** : ਪੰਜਾਬ ਵਿਚ ਬਾਗ ਲਗਾਉਣ ਵਾਸਤੇ ਆਮ ਤੌਰ ਤੇ ਵਰਗਾਕਾਰ ਢੰਗ ਹੀ ਵਰਤੋਂ ਕੀਤੀ ਜਾਂਦੀ ਹੈ। ਇਸ ਢੰਗ ਵਿਚ ਬੂਟੇ ਤੋਂ ਬੂਟੇ ਅਤੇ ਕਤਾਰ ਤੋਂ ਕਤਾਰ ਵਿਚ ਇੱਕੋ ਜਿੰਨਾ ਫਾਸਲਾ ਹੁੰਦਾ ਹੈ। ਚਾਰ ਬੂਟਿਆਂ ਨੂੰ ਲਗਾ ਕੇ ਇਕ ਵਰਗ ਬਣਾਇਆ ਜਾਂਦਾ ਹੈ। ਇਸ ਢੰਗ ਨਾਲ ਬਾਗ ਦੀ ਵਹਾਈ ਅਤੇ ਹੋਰ ਕੰਮ ਦੋਵਾਂ ਦਿਸ਼ਾਵਾਂ ਵਿਚ ਕੀਤੇ ਜਾ ਸਕਦੇ ਹਨ। ਆਇਤਾਕਾਰ ਢੰਗ/ਸੰਘਣੀ ਪ੍ਰਣਾਲੀ ਨਾਲ ਬੂਟੇ ਲਾਉਣ ਲਈ ਵਰਤਿਆ ਜਾਂਦਾ ਹੈ। ਪਰ ਇਸ ਤਰ੍ਹਾਂ ਲਾਏ ਬਾਗ ਵਿਚੋਂ 15 ਸਾਲ ਬਾਅਦ ਲਾਈਨ ਵਿਚਲਾ ਹਰ ਦੂਸਰਾ ਬੂਟਾ ਪੱਟ ਦੇਣਾ ਚਾਹੀਦਾ ਹੈ ਤਾਂ ਜੋ ਬੂਟਿਆਂ ਨੂੰ ਹਵਾ ਅਤੇ ਰੌਸ਼ਨੀ ਮਿਲ ਸਕੇ। ਵਿਕਰਣ (ਕੁਇਨਕਨਸ) ਢੰਗ ਵਿੱਚ ਬੂਟੇ ਲਗਾਉਣ ਲਈ ਖੇਤ ਦੀ ਵਿਉਂਤਬੰਦੀ ਵਰਗਾਕਾਰ ਢੰਗ ਵਾਂਗੂ ਹੀ ਕੀਤੀ ਜਾਂਦੀ ਹੈ। ਪੱਥਰ ਨਾਖ 7.0×7.0 ਮੀਟਰ ਤੋਂ ਵੱਧ ਹੁੰਦਾ ਹੈ ਅਤੇ ਇਹ ਵਪਾਰਕ ਪੱਖੋਂ 6-9 ਸਾਲਾਂ ਵਿਚ ਫਲ ਦਿੰਦੇ ਹਨ। ਇਸ ਕਰਕੇ ਇਨ੍ਹਾਂ ਵਿਚ ਪੂਰਕ ਬੂਟੇ ਜਿਵੇਂ ਆੜੂ ਅਤੇ ਅਲੂਚਾ ਆਦਿ ਲਗਾ ਕੇ ਸ਼ੁਰੂ ਵਿਚ ਮੁਨਾਫਾ ਲਇਆ ਜਾ ਸਕਦਾ ਹੈ। ਜਦੋਂ ਮੁੱਖ ਫਸਲ ਫਲ ਉੱਪਰ ਆ ਜਾਵੇ ਤਾਂ ਇਨ੍ਹਾਂ ਬੂਟਿਆਂ ਨੂੰ ਪੁੱਟ ਦਿੱਤਾ ਜਾਂਦਾ ਹੈ। ਬੂਟਿਆਂ ਅਤੇ ਕਤਾਰਾਂ ਨਵੇਂ ਲਗਾਏ ਬਾਗ ਵਿਚ ਜੇ ਅੰਤਰ ਫਸਲਾਂ ਜਿਵੇਂ ਕਿ ਦਾਲਾਂ, ਸਬਜ਼ੀਆਂ ਦੀ ਕਾਸ਼ਤ ਕਰਨੀ ਹੋਵੇ ਤਾਂ ਇਸ ਢੰਗ ਨਾਲ ਕੋਈ ਔਖਿਆਈ ਨਹੀਂ ਹੁੰਦੀ।

**ਨਰਸਰੀ ਵਿੱਚੋਂ ਬੂਟਿਆਂ ਦੀ ਚੋਣ** : ਬਾਗ ਵਿਚ ਫਲਦਾਰ ਬੂਟਿਆਂ ਨੂੰ ਲਗਾਉਣ ਲਈ ਅਜਿਹੀਆਂ ਕਿਸਮਾਂ ਦੀ ਚੋਣ ਕਰੋ ਜਿਹੜੀਆਂ ਕੀੜਿਆਂ ਅਤੇ ਬਿਮਾਰੀਆਂ ਤੋਂ ਰਹਿਤ ਹੋਣ ਅਤੇ ਕਿਸੇ ਭਰੋਸੇਯੋਗ ਨਰਸਰੀ ਤੋਂ ਪ੍ਰਾਪਤ ਕਰੋ। ਇਸ ਗੱਲ ਦਾ ਖਾਸ ਧਿਆਨ ਰੱਖਿਆ ਜਾਵੇ ਕਿ ਬੂਟੇ ਨਰੋਏ ਅਤੇ ਦਰਮਿਆਨੀ ਉਚਾਈ ਦੇ ਹੋਣ। ਬੂਟੇ ਰੱਖਣ ਤੋਂ ਪਹਿਲਾਂ ਟਰਾਲੀ ਜਾਂ ਜਿਸ ਵੀ ਵਾਹਨ ਵਿਚ ਬੂਟੇ ਲੈ ਕੇ ਜਾਣੇ ਹੋਣ ਉਸ ਵਿਚ ਪਰਾਲੀ, ਸੁੱਕਾ ਘਾਹ ਜਾਂ ਥੋੜ੍ਹੀ ਰੇਤ ਵਿਛਾ ਲਵੋ। ਬੂਟੇ ਖਰੀਦਣ ਸਮੇਂ 10 ਤੋਂ 15 ਪ੍ਰਤੀਸ਼ਤ ਬੂਟੇ ਲੋੜ ਨਾਲੋਂ ਵੱਧ ਖਰੀਦੋ ਤਾਂ ਜੋ ਇਹਨਾਂ ਨੂੰ ਮਰਨ ਵਾਲੇ ਬੂਟਿਆਂ ਦੀ ਥਾਂ ਤੇ ਲਗਾਇਆ ਜਾ ਸਕੇ। ਬੂਟਿਆਂ ਨੂੰ ਲੋੜ ਪੈਣ ਤੱਕ ਨਰਸਰੀ ਵਿਚ ਰੱਖੋ।

**ਬੂਟੇ ਲਾਉਣ ਲਈ ਟੋਏ ਪੁੱਟਣਾ ਅਤੇ ਭਰਨਾ** : ਹਰ ਬੂਟੇ ਲਈ ਇਕ ਮੀਟਰ ਡੂੰਘੇ ਅਤੇ ਇਕ ਮੀਟਰ ਘੇਰੇ ਵਾਲੇ ਟੋਏ ਪੁੱਟ ਲਉ। ਟੋਏ ਬੂਟੇ ਖਰੀਦ ਕੇ ਲਿਆਉਣ ਤੋਂ ਪਹਿਲਾਂ ਪੁੱਟੋ। ਬੂਟੇ ਲਾਉਣ ਸਮੇਂ ਟੋਇਆਂ ਵਿੱਚ ਉੱਪਰਲੀ ਮਿੱਟੀ ਅਤੇ ਰੂੜੀ ਦੀ ਬਰਾਬਰ ਮਾਤਰਾ ਜ਼ਮੀਨ ਤੋਂ ਉੱਚੀ ਭਰ ਦਿਓ। ਇਹਨਾਂ ਟੋਇਆਂ ਵਿਚ ਬੂਟੇ ਲਾਉਣ ਤੋਂ ਪਹਿਲਾਂ ਪਾਣੀ ਦਿਉ ਅਤੇ ਹਰੇਕ ਟੋਏ ਵਿਚ 15 ਮਿ.ਲਿ. ਕਲੋਰੋਪਾਈਰੀਫਾਸ 20 ਈ.ਸੀ. 2 ਕਿਲੋ ਮਿੱਟੀ ਵਿਚ ਰਲਾ ਕੇ ਸਿਉਂਕ ਤੋਂ ਬਚਾਉਣ ਲਈ ਜ਼ਰੂਰ ਪਾਉ।

ਬੂਟੇ ਨੂੰ ਟੋਏ ਦੇ ਵਿਚਕਾਰ ਪਲਾਂਟਿੰਗ ਬੋਰਡ ਦੀ ਮਦਦ ਨਾਲ ਲਗਾਉ। ਇਸ ਗੱਲ ਦਾ ਧਿਆਨ ਰੱਖ ਕਿ ਬੂਟੇ ਦੀ ਪਿਉਂਦ ਜ਼ਮੀਨ ਨਾਲੋਂ 9 ਇੰਚ ਉੱਚੀ ਹੋਵੇ। ਬੂਟੇ ਦੇ ਦੁਆਲੇ ਮਿੱਟੀ ਨੂੰ ਚੰਗੀ ਤਰ੍ਹਾਂ ਦਬਾਉਣ ਤੋਂ ਬਾਅਦ ਉਸੇ ਵੇਲੇ ਪਾਣੀ ਲਗਾਓ। ਵੈਸੇ ਤਾਂ ਹਰ ਉਮਰ ਦੇ ਫਲਦਾਰ ਬੂਟਿਆਂ ਦੀ ਦੇਖਭਾਲ ਜ਼ਰੂਰੀ ਹੈ ਪਰ ਨਵੇਂ ਲਾਏ ਬੂਟੇ ਉਚੇਚਾ ਧਿਆਨ ਮੰਗਦੇ ਹਨ ਕਿਉਂਕਿ ਬੂਟੇ ਬਹੁਤ ਨਾਜ਼ੁਕ ਹੋਣ ਕਾਰਨ ਮੁੱਢਲੇ ਦਿਨਾਂ ਵਿੱਚ ਜ਼ਿਆਦਾ ਵਾਧਾ ਨਹੀਂ ਕਰਦੇ ਅਤੇ ਕਈ ਵਾਰੀ ਬੂਟੇ ਅਣਗਹਿਲੀ ਕਾਰਨ ਮਰ ਵੀ ਜਾਂਦੇ ਹਨ। ਨਵੇਂ ਬੂਟੇ ਲਾਉਣ ਤੋਂ ਬਾਅਦ ਕਿਸੇ ਸੋਟੀ ਨਾਲ ਸਹਾਰਾ ਦਿਉ। ਸਹਾਰਾ ਦੇਣ ਵਾਲੀਆਂ ਸੋਟੀਆਂ ਨੂੰ ਬੂਟੇ ਦੇ ਕੋਲ ਜ਼ਮੀਨ ਵਿਚ ਚੰਗੀ ਤਰ੍ਹਾਂ ਗੱਡ ਕੇ ਰੱਸੀ ਨਾਲ ਬੰਨ੍ਹ ਦੇਣਾ ਚਾਹੀਦਾ ਹੈ। ਇਸ ਤੋਂ ਇਲਾਵਾ ਮੀਹਾਂ ਦਾ ਵਾਧੂ ਪਾਣੀ ਬਾਗ ਵਿਚ ਨਹੀਂ ਰਹਿਣਾ ਚਾਹੀਦਾ ਹੈ। ਇਸ ਲਈ ਬਾਗ ਦਾ ਨਿਕਾਸੀ ਪ੍ਰਬੰਧ ਬਹੁਤ ਸੁਚੱਜਾ ਹੋਣਾ ਚਾਹੀਦਾ ਹੈ, ਤਾਂ ਜੋ ਵਾਧੂ ਪਾਣੀ ਬਾਗ ਵਿਚ ਨਾ ਖਲੋ ਸਕੇ।

| ਲ. ਨੰ. | ਫਲ ਦਾ ਨਾਮ | ਫਾਸਲਾ (ਮੀ.) | ਪੌਦਿਆਂ ਦੀ ਗਿਣਤੀ ਪ੍ਰਤੀ ਏਕੜ |
|---|---|---|---|
| ਵਰਗਾਕਾਰ ਢੰਗ | | | |
| 1. | ਪੱਥਰ ਨਾਖ | 7.5×7.5 | 72 |
| 2. | ਆੜੂ | 6.5×6.5 | 90 |
| 3. | ਬੱਗੂਗੋਸ਼ਾ/ਅਲੂਚਾ | 6.0×6.0 | 110 |
| 4. | ਅੰਗੂਰ (ਬਾਵਰ ਸਿਸਟਮ) | 3.0×3.0 | 440 |
| ਆਇਤਾਕਾਰ ਢੰਗ (ਸੰਘਣੀ ਪ੍ਰਣਾਲੀ ਢੰਗ) | | | |
| 5. | ਅੰਗੂਰ (Y-ਟਰੈਲੀਸ ਸਿਸਟਮ) | 4.0×1.5 | 660 |
| 6. | ਆੜੂ/ਅਲੂਚਾ | 6.0×1.5 | 440 |
| 7. | ਪੱਥਰਨਾਖ | 8.0×4.0 | 120 |

# ਝੋਨੇ ਦੀ ਪਰਾਲੀ ਤੋਂ ਮਲਚ ਮੈਟ ਬਣਾਉਣ ਇਕ ਵਧੀਆ ਵਿਕਲਪ

ਮਨੀਸ਼ਾ ਸੇਠੀ, ਸੁਮੀਤ ਗਰੇਵਾਲ ਅਤੇ ਗਰੇਵਾਲ ਅਤੇ ਸੰਦੀਪ ਬੈਂਸ,
ਵਸਤਰ ਵਿਗਿਆਨ ਵਿਭਾਗ, ਕਮਿਊਨਿਟੀ ਸਾਇੰਸ ਕਾਲਜ (ਮੋ. 78377-33173)

ਝੋਨੇ ਦੀ ਪਰਾਲੀ, ਝੋਨੇ ਦੇ ਉਤਪਾਦਨ ਦਾ ਉਪ-ਉਤਪਾਦ, ਕੁਦਰਤੀ ਅਤੇ ਇੱਕ ਟਿਕਾਊ ਸਰੋਤ ਹੈ। ਇਹ ਦੁਨੀਆਂ ਭਰ ਵਿੱਚ ਵੱਡੀ ਮਾਤਰਾ ਵਿੱਚ ਉਪਲਬਧ ਹੈ। ਪੰਜਾਬ ਵਿਚ, ਇੱਕ ਵੱਡਾ ਹਿੱਸਾ, ਲਗਭਗ 12 ਮਿਲੀਅਨ ਟਨ ਝੋਨੇ ਦੀ ਪਰਾਲੀ ਨੂੰ ਖੇਤਾਂ ਵਿਚ ਮੁੱਖ ਤੌਰ 'ਤੇ ਦੂਜੀਆਂ ਦੀ ਬਿਜਾਈ ਤੋਂ ਪਹਿਲਾਂ ਸਾਫ ਕਰਨ ਲਈ ਸਾੜਿਆ ਜਾਂਦਾ ਹੈ। ਹਾਲਾਂਕਿ ਝੋਨੇ ਦੀ ਪਰਾਲੀ ਨੂੰ ਖੇਤਾਂ ਵਿਚ ਸਾੜਨਾ ਇਸ ਦੇ ਨਿਪਟਾਰੇ ਦਾ ਸਭ ਤੋਂ ਸਸਤਾ ਤਰੀਕਾ ਹੈ, ਪਰ ਇਹ ਵਿਧੀ ਵਾਤਾਵਰਣ ਸੰਬੰਧੀ ਚਿੰਤਾਵਾਂ ਪੈਦਾ ਕਰਦੀ ਹੈ ਕਿਉਂਕਿ ਝੋਨੇ ਦੀ ਪਰਾਲੀ ਨੂੰ ਸਾੜਨ ਨਾਲ ਬਹੁਤ ਸਾਰੀਆਂ ਜ਼ਹਿਰੀਲੀਆਂ ਗੈਸਾਂ ਨਿਕਲਦੀਆਂ ਹਨ। ਦੂਜੇ ਪਾਸੇ, ਰਹਿੰਦ-ਖੂੰਹਦ ਨੂੰ ਨਾ ਸਾੜਨ ਅਤੇ ਇਸ ਨੂੰ ਮਿੱਟੀ ਵਿਚ ਸ਼ਾਮਲ ਕਰਨ ਨਾਲ ਮਿੱਟੀ ਦੇ ਰਸਾਇਣਕ ਗੁਣਾਂ ਵਿਚ ਸੁਧਾਰ ਹੁੰਦਾ ਹੈ ਅਤੇ ਟਿਕਾਊ ਖੇਤੀਬਾੜੀ ਅਤੇ ਕੁਦਰਤੀ ਸਰੋਤਾਂ ਲਈ ਰਾਹ ਪੱਧਰਾ ਹੁੰਦਾ ਹੈ।

ਨਦੀਨਾਂ ਦੀ ਰੋਕਥਾਮ ਲਈ ਪਰਾਲੀ ਤੋਂ ਬਣੇ ਮਲਚ ਮੈਟ ਇੱਕ ਬਹੁਤ ਵਧੀਆ ਵਿਕਲਪ ਹਨ। ਝੋਨੇ ਦੀ ਪਰਾਲੀ ਦੇ ਪ੍ਰਬੰਧਨ ਅਤੇ ਫਸਲ ਵਿਚ ਨਦੀਨਾਂ ਦੀਆਂ ਸਮੱਸਿਆਵਾਂ ਦਾ ਮੁਕਾਬਲਾ ਕਰਨ ਲਈ ਮਲਚਿੰਗ ਇਕ ਪ੍ਰਭਾਵਸ਼ਾਲੀ ਵਿਕਲਪ ਹੋ ਸਕਦਾ ਹੈ। ਮਲਚ ਮਿੱਟੀ ਦੀ ਉਪਰਲੀ ਪਰਤ ਵਿਚ ਫੈਲੀ ਸਮੱਗਰੀ ਦੀ ਇਕ ਪਰਤ ਹੈ। ਮਲਚ, ਆਮ ਤੌਰ 'ਤੇ, ਨਮੀ ਨੂੰ ਬਚਾਉਣ ਅਤੇ ਮਿੱਟੀ ਦੀ ਉਪਜਾਊ ਸ਼ਕਤੀ ਅਤੇ ਸਿਹਤ ਨੂੰ ਸੁਧਾਰਨ ਲਈ ਵਰਤਿਆ ਜਾਂਦਾ ਹੈ। ਇਸ ਨੂੰ ਨਦੀਨਾਂ ਦੇ ਵਾਧੇ ਨੂੰ ਘਟਾਉਣ ਦੇ ਨਾਲ-ਨਾਲ ਖੇਤਾਂ ਦੀ ਦਿੱਖ ਨੂੰ ਵਧਾਉਣ ਲਈ ਵੀ ਵਰਤਿਆ ਜਾਂਦਾ ਹੈ। ਮਲਚ ਆਮ ਤੌਰ 'ਤੇ ਸਥਾਈ (ਜਿਵੇਂ ਕਿ ਪਲਾਸਟਿਕ ਦੀ ਚਾਦਰ ਜਾਂ ਰਬੜ) ਜਾਂ ਅਸਥਾਈ (ਜਿਵੇਂ ਕਿ ਸੱਕ ਦੇ ਚਿਪਸ ਜਾਂ ਤੂੜੀ) ਹੋ ਸਕਦਾ ਹੈ, ਪਰ ਵਿਸ਼ੇਸ਼ ਤੌਰ 'ਤੇ ਜੈਵਿਕ ਨਹੀਂ ਹੁੰਦਾ ਹੈ। ਇਹ ਨੰਗੀ ਮਿੱਟੀ, ਜਾਂ ਸਿਰਫ ਮੌਜੂਦਾ ਪੌਦਿਆਂ ਦੇ ਆਲੇ ਦੁਆਲੇ ਲਾਗੂ ਕੀਤਾ ਜਾ ਸਕਦਾ ਹੈ। ਨਦੀਨਾਂ ਤੋਂ ਛੁਟਕਾਰਾ ਪਾਉਣ ਲਈ, ਪੌਦਿਆਂ ਦੇ ਆਲੇ ਦੁਆਲੇ ਜੈਵਿਕ ਮਲਚਾਂ ਨੂੰ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ ਕਿਉਂਕਿ ਇਹ ਸਭ ਤੋਂ ਸਰਲ ਅਤੇ ਸਭ ਤੋਂ ਲਾਭਦਾਇਕ ਅਭਿਆਸਾਂ ਵਿੱਚੋਂ ਇੱਕ ਹੈ।

ਮਲਚ ਦੇ ਤੌਰ 'ਤੇ ਵਰਤੇ ਜਾਣ ਵਾਲੇ ਲੱਕੜ ਦੇ ਚਿਪਸ ਤੋਂ ਪਰਹੇਜ਼ ਕਰਨਾ ਚਾਹੀਦਾ ਹੈ ਕਿਉਂਕਿ ਇਹ ਦੀਮਕ ਦੁਆਰਾ ਹਮਲਾ ਕਰਦੇ ਹਨ। ਕੁਝ ਥਾਵਾਂ 'ਤੇ ਝੋਨੇ ਦੀ ਪਰਾਲੀ ਦੀ ਵਰਤੋਂ ਕਰਕੇ ਜੈਵਿਕ ਮਲਚਾਂ ਦਾ ਅਭਿਆਸ ਹੁੰਦਾ ਹੈ। ਖੇਤ ਵਿੱਚ ਤੂੜੀ ਨੂੰ ਮਲਚ ਵਜੋਂ ਵਰਤਣ ਦਾ ਮੁੱਖ ਨੁਕਸਾਨ ਫਸਲ ਵਿੱਚ ਚੂਹਿਆਂ ਦੇ ਹਮਲੇ ਵੱਲ ਲੈ ਜਾਂਦਾ ਹੈ। ਸਰਦੀਆਂ ਦੇ ਦੌਰਾਨ, ਉਹ ਕਈ ਵਾਰ ਤਣੇ ਦੇ ਹੇਠਲੇ ਹਿੱਸਿਆਂ ਦੀ ਸੱਕ ਨੂੰ ਚਬਾ ਲੈਂਦੇ ਹਨ, ਖਾਸ ਕਰਕੇ ਛੋਟੇ ਰੁੱਖਾਂ ਦੀ। ਉਹ ਖਿੰਡੇ ਹੋਏ ਤੂੜੀ ਦੇ ਹੇਠਾਂ ਡੂੰਘੇ ਟੋਏ ਬਣਾਉਂਦੇ ਹਨ, ਇਸ ਦੇ ਉਲਟ, ਉਹ ਇਨ੍ਹਾਂ ਮੈਟਾਂ ਦੀ ਸੰਖੇਪ ਬਣਤਰ ਦੇ ਕਾਰਨ ਮੈਟਾਂ (ਮਲਚ ਵਜੋਂ ਵਰਤੇ ਜਾਂਦੇ ਹਨ) ਦੇ ਹੇਠਾਂ ਬਰੋਜ਼ ਨਹੀਂ ਬਣਾ ਸਕਦੇ ਹਨ। ਇਨ੍ਹਾਂ ਮਲਚ ਮੈਟਾਂ ਦੀ ਵਰਤੋਂ ਨਾਲ ਨਦੀਨਾਂ ਦੀ ਕਾਫੀ ਹੱਦ ਤੱਕ ਰੋਕਥਾਮ ਹੋ ਸਕਦੀ ਹੈ।

ਨਦੀਨਾਂ ਦੇ ਵਾਧੇ ਵਿਚ ਝੋਨੇ ਦੀ ਪਰਾਲੀ ਦੇ ਪ੍ਰਬੰਧਨ ਦੀ ਸਮੱਸਿਆ ਨੂੰ ਦੇਖਦੇ ਹੋਏ, ਪ੍ਰਭਾਵਸ਼ੀਲਤਾ ਅਤੇ ਉਹਨਾਂ ਦੀ ਬਾਇਓਡੀਗ੍ਰੇਡੇਬਿਲਟੀ ਨੂੰ ਨਿਰ ਧਾਰਤ ਕਰਨ ਲਈ ਮਲਚ ਮੈਟ ਦੇ ਵੱਖੋ-ਵੱਖਰੇ ਰੂਪਾਂ ਨੂੰ ਵਿਕਸਤ ਕੀਤਾ ਗਿਆ ਸੀ। ਜੈਵਿਕ ਮਲਚ ਮਿੱਟੀ ਵਿਚ ਆਸਾਨੀ ਨਾਲ ਰਲ ਜਾਂਦੇ ਹਨ ਅਤੇ ਜ਼ਮੀਨ ਦੀ ਉਪਜਾਊ ਸ਼ਕਤੀ ਨੂੰ ਵੀ ਵਧਾਉਂਦੇ ਹਨ। ਵਸਤਰ ਵਿਗਿਆਨ ਵਿਭਾਗ ਵੱਲੋਂ ਮਲਚ ਮੈਟ ਦੋ ਰੂਪਾਂ ਵਿਚ ਤਿਆਰ ਕੀਤੇ ਗਏ ਜੋ ਕਿ ਸ਼ੁੱਧ 100% ਝੋਨੇ ਦਾ ਪਰਾਲੀ ਨਾਲ ਬਣੇ ਹਨ।

1. ਬੁਣੇ ਹੋਏ ਮਲਚ ਮੈਟ 2. ਗੈਰ-ਬੁਣੇ ਮਲਚ ਮੈਟ

**1. ਬੁਣਿਆ ਹੋਇਆ ਮਲਚ ਮੈਟ** : ਬੁਣੇ ਹੋਏ ਮਲਚ ਮੈਟ ਨੂੰ ਕਪਾਹ ਦੇ ਧਾਗੇ ਦੀ ਵਰਤੋਂ ਕਰਕੇ ਤਾਣੇ ਵਜੋਂ ਝੋਨੇ ਦੀ ਪਰਾਲੀ ਨੂੰ ਬਾਣੇ ਵਜੋਂ ਵਿਕਸਿਤ ਕੀਤਾ ਗਿਆ ਹੈ।

**2. ਨਾਨ ਵੋਵਨ ਮਲਚ ਮੈਟ** : ਨਾਨ ਵੋਵਨ ਮਲਚ ਮੈਟ ਗੱਤਾ ਬਣਾਉਣ ਵਾਲੀ ਤਕਨੀਕ ਨਾਲ ਤਿਆਰ ਕੀਤਾ ਗਿਆ ਹੈ, ਜਿਸ ਵਿਚ 4 ਐਮ ਐਮ ਤੇ 8 ਐਮ ਮੋਟਾਈ ਵਾਲੀ ਸ਼ੀਟ ਤਿਆਰ ਕੀਤੀ ਗਈ ਜੋ ਮਲਚ ਸੈੱਟ ਦੇ ਤੌਰ ਤੇ ਨਦੀਨਾਂ ਦੀ ਰੋਕਥਾਮ ਲਈ ਵਰਤੀ ਜਾ ਸਕਦੀ ਹੈ। ਵਿਕਸਤ ਮਲਚ ਮੈਟ ਬਾਇਓਡੀਗ੍ਰੇਡੇਬਲ ਹਨ। ਨਾਨ ਵੋਵਨ ਹੋਏ ਮਲਚ ਮੈਟ ਗਮਲੇ ਵਾਲੇ ਪੌਦਿਆਂ ਵਿਚ ਨਦੀਨਾਂ ਦੇ ਨਿਯੰਤਰਣ ਅਤੇ ਪਾਣੀ ਦੇ ਪ੍ਰਬੰਧਨ ਵਿੱਚ ਵੀ ਕੁਸ਼ਲ ਹੁੰਦੇ ਹਨ ਹਾਲਾਂਕਿ ਇਹ ਦੋ ਤੋਂ ਤਿੰਨ ਮਹੀਨਿਆਂ ਬਾਅਦ ਮਿੱਟੀ ਵਿਚ ਮਿਲ ਜੁਲ ਜਾਂਦੇ ਹਨ। ਝੋਨੇ ਦੀ ਪਰਾਲੀ ਦਾ ਇਸਤੇਮਾਲ ਨਾਲ ਵੱਖੋ ਵੱਖਰੇ ਢਾਂਚਿਆਂ ਵਿਚ ਵਰਤੋਂ ਕਰਕੇ ਨਰਸਰੀ ਦੇ ਬੂਟਿਆਂ ਦੀ ਪਨੀਰੀ ਤਿਆਰ ਕਰਨ ਲਈ ਪਲਾਂਟਰ ਵੀ ਵਿਕਸਤ ਕੀਤੇ ਗਏ ਹਨ ਅਤੇ ਸਬਜ਼ੀਆਂ ਦੀ ਨਰਸਰੀ ਵਿਚ ਟੈਸਟ ਕੀਤੇ ਗਏ ਸਨ। ਉਹ ਪੌਦੇ ਉਗਾਉਣ ਲਈ ਰਵਾਇਤੀ ਤੌਰ 'ਤੇ ਵਰਤੇ ਜਾਂਦੇ ਪੋਲੀਥੀਨ ਬੈਗਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਬਦਲ ਸਕਦੇ ਹਨ। ਇਹ ਬਾਇਓਡੀਗ੍ਰੇਡੇਬਲ ਵੀ ਹਨ ਅਤੇ ਮਿੱਟੀ ਵਿਚ ਰੱਖੇ ਜਾਣ 'ਤੇ ਪੌਦੇ ਨੂੰ ਪੋਸ਼ਣ ਦਿੰਦੇ ਹਨ।

ਵਿਕਸਤ ਝੋਨੇ ਦੀ ਪਰਾਲੀ ਦੇ ਉਤਪਾਦਾਂ ਦਾ ਉਦੇਸ਼ ਨਦੀਨਾਂ ਦੇ ਵਾਧੇ ਨੂੰ ਰੋਕਣਾ, ਵਧੀਆ ਝਾੜ ਪ੍ਰਾਪਤ ਕਰਨਾ, ਪਲਾਸਟਿਕ ਉਤਪਾਦਾਂ ਦਾ ਵਾਤਾਵਰਣ ਪੱਖੀ ਵਿਕਲਪ ਪ੍ਰਦਾਨ ਕਰਨਾ ਅਤੇ ਝੋਨੇ ਦੀ ਪਰਾਲੀ ਦੇ ਉਤਪਾਦਕ (ਮਲਚ ਮੈਟਾਂ) ਦੀ ਵਰਤੋਂ ਲਈ ਸਾਧਨ ਪੈਦਾ ਕਰਨਾ ਹੈ।

# ਗੁਣਾਂ ਦਾ ਖ਼ਜ਼ਾਨਾ ਅੰਜੀਰ



ਡਾ. ਹਰਸ਼ਿੰਦਰ ਕੌਰ,
ਐਮ. ਡੀ., 28, ਪ੍ਰੀਤ ਨਗਰ,
ਲੋਅਰ ਮਾਲ, ਪਟਿਆਲਾ ।



ਅੰਜੀਰ ਦੀ ਸਭ ਤੋਂ ਵੱਧ ਮਹੱਤਤਾ ਇਸ ਦੇ ਨਾਲ ਮਿਲਦੇ ਮਰਦਾਨਾ ਕਮਜ਼ੋਰੀ ਵਿਚ ਫਾਇਦੇ ਸਦਕਾ ਹੈ । ਅਣਗਿਣਤ ਆਯੁਰਵੇਦਿਕ ਦਵਾਈਆਂ, ਐਲੋਪੈਥਿਕ ਖੋਜਾਂ ਅਤੇ ਵਿਸ਼ਵ ਪ੍ਰਸਿੱਧ ਵਿਗਿਆਨੀਆਂ ਵਲੋਂ ਸੁਝਾਏ ਨੁਕਤਿਆਂ ਅਨੁਸਾਰ ਮਰਦਾਨਾ ਕਮਜ਼ੋਰੀ ਲਈ ਰਾਤ ਭਰ ਭਿਉਂ ਕੇ ਰੱਖੀਆਂ ਦੋ ਅੰਜੀਰਾਂ, 4 ਬਦਾਮ ਅਤੇ 2 ਅਖਰੋਟ ਜਦੋਂ ਗਰਮ ਦੁੱਧ ਨਾਲ ਸਵੇਰੇ ਲੈ ਲਏ ਜਾਣ ਤਾਂ ਮਰਦਾਨਾ ਕਮਜ਼ੋਰੀ ਵਿਚ ਬਹੁਤ ਫਰਕ ਪੈ ਜਾਂਦਾ ਹੈ ।

ਖੋਜਾਂ ਇਹ ਵੀ ਸਪੱਸ਼ਟ ਕਰ ਚੁੱਕੀਆਂ ਹਨ ਕਿ ਸਰੀਰ ਲਈ ਲੋੜੀਂਦੇ ਤੱਤ ਜਿਵੇਂ ਸੀਲੀਨੀਅਮ, ਵਿਟਾਮਿਨ ਈ, ਜ਼ਿੰਕ, ਓਮੇਗਾ ਤਿੰਨ ਫੈਟੀ ਏਸਿਡ, ਫੋਲੇਟ ਆਦਿ ਸਭ ਅੰਜੀਰ ਵਿਚ ਮੌਜੂਦ ਹਨ ਤੇ ਪੂਰੀ ਮਾਤਰਾ ਵਿਚ ਹਨ । ਇਸੇ ਲਈ ਸੁਪਰ-ਫੂਡ ਮੰਨੀ ਜਾ ਚੁੱਕੀ ਅੰਜੀਰ ਨੂੰ ਹੁਣ ਕਈ ਲੋਕ ਰਾਤ ਭਰ ਭਿਉਂ ਕੇ ਉਸ ਨਾਲ ਭਿੱਜੇ ਬਦਾਮ, ਅਖਰੋਟ ਅਤੇ ਨਾਲੋ-ਨਾਲ ਹੇਜ਼ਲ ਨੱਟ ਵੀ ਖਾਣ ਲੱਗ ਪਏ ਹਨ ।

ਲੋਹ ਕਣਾਂ ਨਾਲ ਭਰਪੂਰ ਹੋਣ ਸਦਕਾ ਅੰਜੀਰ ਲਹੂ ਦੀ ਕਮੀ ਨਾਲ ਜੂਝਦੇ ਮਰੀਜ਼ਾਂ ਲਈ ਵੀ ਵਰਦਾਨ ਸਾਬਤ ਹੋ ਚੁੱਕੀ ਹੈ । ਥਕਾਨ ਬਾਅਦ ਜੇ ਦੋ ਅੰਜੀਰਾਂ ਖਾ ਲਈਆਂ ਜਾਣ ਤਾਂ ਝਟਪਟ ਥਕਾਵਟ ਦੂਰ ਹੋ ਜਾਂਦੀ ਹੈ । ਜੇ ਯੂਰਿਕ ਐਸਿਡ ਵਧਿਆ ਹੋਵੇ ਤਾਂ ਪੂਰੀ ਦਵਾਈ ਖਾਣ ਦੇ ਨਾਲੋ-ਨਾਲ ਖਾਣ-ਪੀਣ ਵਿਚ ਪਰਹੇਜ਼ ਕਰਨ ਅਤੇ ਇਕ ਮਹੀਨੇ ਲਈ ਅੰਜੀਰ ਖਾਣ ਨਾਲ ਯੂਰਿਕ ਐਸਿਡ ਛੇਤੀ ਘੱਟ ਹੋ ਜਾਂਦਾ ਹੈ ।



ਫਾਈਬਰ ਭਰਪੂਰ ਹੋਣ ਕਾਰਨ ਇਸ ਨੂੰ ਖਾਣ ਨਾਲ ਕਬਜ਼ ਵੀ ਠੀਕ ਹੋ ਸਕਦੀ ਹੈ । ਕੈਲਸ਼ੀਅਮ ਤੇ ਫਾਸਫੋਰਸ ਕਾਰਨ ਅੰਜੀਰ ਹੱਡੀਆਂ ਵੀ ਤੰਦਰੁਸਤ ਰੱਖਦੀ ਹੈ । ਦਿਲ ਸਿਹਤਮੰਦ ਰੱਖਣ ਵਿਚ ਵੀ ਅੰਜੀਰ ਲਾਹੇਵੰਦ ਹੈ ।

ਸ਼ੱਕਰ ਰੋਗੀਆਂ ਲਈ ਅੰਜੀਰ ਰੱਬੀ ਸੁਗਾਤ ਹੀ ਮੰਨੀ ਜਾ ਸਕਦੀ ਹੈ, ਕਿਉਂਕਿ ਇਸ ਵਿਚ ਸ਼ੱਕਰ ਦੀ ਮਾਤਰਾ ਕਾਫੀ ਘੱਟ ਹੈ ਤੇ ਥਿੰਦਾ ਉੱਕਾ ਹੀ ਨਹੀਂ ਹੈ । ਗਰਭਵਤੀ ਔਰਤਾਂ ਵੀ ਜੇ ਰੋਜ਼ ਰਾਤ ਦੋ ਅੰਜੀਰਾਂ ਭਿਉਂ ਕੇ ਸਵੇਰੇ ਖਾਂਦੀਆਂ ਰਹਿਣ ਤਾਂ ਜੱਚਾ-ਬੱਚਾ, ਦੋਵਾਂ ਨੂੰ ਹੀ ਫਾਇਦਾ ਪਹੁੰਚ ਜਾਂਦਾ ਹੈ ।

ਜੇ ਮਾਂਹਵਾਰੀ ਦੌਰਾਨ ਥਕਾਨ, ਪੀੜ, ਚੱਕਰ ਆਦਿ ਆਉਂਦੇ ਹੋਣ ਤਾਂ ਦਵਾਈ ਦੇ ਨਾਲ ਉਨ੍ਹਾਂ ਦਿਨਾਂ ਵਿਚ ਅੰਜੀਰ ਜ਼ਰੂਰ ਖਾ ਲੈਣੀ ਚਾਹੀਦੀ ਹੈ ।

ਜਿਨ੍ਹਾਂ ਦੀ ਮਾਂਹਵਾਰੀ ਬੰਦ ਹੋ ਚੁੱਕੀ ਹੋਵੇ, ਉਨ੍ਹਾਂ ਲਈ ਵੀ ਮਾੜੇ ਲੱਛਣ ਘਟਾਉਣ ਵਿਚ ਅੰਜੀਰ ਮਦਦ ਕਰਦੀ ਹੈ । ਜਿਨ੍ਹਾਂ ਵਿਚ ਹਾਰਮੋਨਾਂ ਦੀ ਗੜਬੜੀ ਹੋਵੇ (PCOD), ਉਨ੍ਹਾਂ ਔਰਤਾਂ ਨੂੰ ਵੀ ਤਿੰਨ ਮਹੀਨੇ ਲਗਾਤਾਰ ਰੋਜ਼ ਸਵੇਰੇ ਰਾਤ ਦੀਆਂ ਭਿਉਂ ਕੇ ਰੱਖੀਆਂ ਤਿੰਨ ਅੰਜੀਰਾਂ ਗਰਮ ਦੁੱਧ ਨਾਲ ਖਾ ਲੈਣੀਆਂ ਚਾਹੀਦੀਆਂ ਹਨ । ਇੱਕ ਗੱਲ ਚੇਤੇ ਰੱਖਣ ਦੀ ਲੋੜ ਹੈ ਕਿ ਨਾਲੋ-ਨਾਲ ਡਾਕਟਰੀ ਇਲਾਜ ਜ਼ਰੂਰ ਕਰਨਾ ਚਾਹੀਦਾ ਹੈ ।

ਜਿਨ੍ਹਾਂ ਨੂੰ ਨੀਂਦਰ ਠੀਕ ਨਾ ਆਉਂਦੀ ਹੋਵੇ, ਉਨ੍ਹਾਂ ਨੂੰ ਵੀ ਰਾਤ ਵੇਲੇ ਤਣਾਅ ਘਟਾ ਕੇ, ਮਧੁਰ ਸੰਗੀਤ ਸੁਣਦਿਆਂ, ਤਲੀਆਂ ਚੀਜ਼ਾਂ ਖਾਣ ਦੀ ਥਾਂ ਗਰਮ ਦੁੱਧ ਵਿਚ ਦੋ ਅੰਜੀਰਾਂ ਉਬਾਲ ਕੇ ਜ਼ਰੂਰ ਖਾ ਲੈਣੀਆਂ ਚਾਹੀਦੀਆਂ ਹਨ ।

**ਵਾਲਾਂ ਲਈ** : ਅੰਜੀਰ ਵਿਚਲੇ ਮੈਗਨੀਸ਼ੀਅਮ, ਵਿਟਾਮਿਨ ਸੀ ਅਤੇ ਈ ਇਸ ਨੂੰ ਵਾਲ ਵਧਾਉਣ ਲਈ ਵਧੀਆ ਦਵਾਈ ਬਣਾ ਦਿੰਦੇ ਹਨ ।

**ਭਾਰ ਘਟਾਉਣ ਲਈ** : ਰੋਜ਼ਾਨਾ ਕਸਰਤ ਤੇ ਸੰਤੁਲਿਤ ਖੁਰਾਕ ਦੇ ਨਾਲ ਰੋਜ਼ ਦੋ ਅੰਜੀਰਾਂ ਖਾਣ ਨਾਲ ਇਸ ਵਿਚਲੇ ਫਾਈਬਰ ਸਦਕਾ ਭਾਰ ਕਾਬੂ ਵਿਚ ਰੱਖਿਆ ਜਾ ਸਕਦਾ ਹੈ । ਜੇ ਰੋਜ਼ 6 ਤੋਂ ਵੱਧ ਅੰਜੀਰਾਂ ਖਾਧੀਆਂ ਜਾਣ ਤਾਂ ਭਾਰ ਵਧਣ ਲੱਗ ਸਕਦਾ ਹੈ, ਤਗੜੀ ਐਲਰਜੀ ਹੋ ਸਕਦੀ ਹੈ, ਤਿੱਖੀ ਢਿੱਡ ਪੀੜ ਹੋ ਸਕਦੀ ਹੈ, ਬਲੱਡ ਪ੍ਰੈਸ਼ਰ ਘੱਟ ਸਕਦਾ ਹੈ, ਟੱਟੀਆਂ ਲੱਗ ਸਕਦੀਆਂ ਹਨ, ਨਿੱਛਾਂ ਆ ਸਕਦੀਆਂ ਹਨ, ਲਹੂ ਵਿਚ ਸ਼ੱਕਰ ਦੀ ਮਾਤਰਾ ਕਾਫੀ ਘੱਟ ਹੋ ਜਾਂਦੀ ਹੈ ਤੇ ਅੱਖ ਦੀ ਅੰਦਰਲੀ ਪਰਤ ਵਿਚ ਲਹੂ ਤੱਕ ਚਲ ਸਕਦਾ ਹੈ ।

ਹਾਲਾਂਕਿ ਕਈ ਇਨਸਾਨਾਂ ਉੱਤੇ ਹੋਈ ਖੋਜ ਇਹ ਤੱਥ ਸਾਬਤ ਨਹੀਂ ਕਰ ਸਕੀ ਪਰ ਚੂਹਿਆਂ ਉੱਤੇ ਹੋਈ ਖੋਜ ਇਹ ਸਾਬਤ ਕਰ ਚੁੱਕੀ ਹੈ ਕਿ ਅੰਜੀਰ ਲਹੂ ਵਗਣ ਵਿਚ ਰੋਕ ਲਾ ਸਕਦੀ ਹੈ, ਕਿਉਂਕਿ ਇਸ ਦੇ ਅਸਰ ਅਧੀਨ ਲਹੂ ਦੀਆਂ ਨਾੜੀਆਂ ਸੁੰਗੜ ਜਾਂਦੀਆਂ ਹਨ ।

**ਲੋਹ ਕਣ ਭਰਪੂਰ ਫਲ ਸਬਜ਼ੀਆਂ** : ਅੰਜੀਰ ਤਾਂ ਲੋਹ ਕਣਾਂ ਨਾਲ ਭਰਪੂਰ ਹੈ ਹੀ, ਪਰ ਜੇ ਸਭ ਦੀ ਰੋਜ਼ਾਨਾ ਦੀ ਖੁਰਾਕ ਵਿਚ ਵੱਖੋ-ਵੱਖ ਫਲ ਸਬਜ਼ੀਆਂ ਸ਼ਾਮਿਲ ਕਰ ਲਈਆਂ ਜਾਣ ਤਾਂ ਲਹੂ ਦੀ ਕਮੀ ਖਤਮ ਕੀਤੀ ਜਾ ਸਕਦੀ ਹੈ । ਇਹ ਹਨ :-

★ ਹਦਵਾਣਾ
★ ਪਾਲਕ
★ ਸੌਗੀ
★ ਸ਼ੱਕਰਕੰਦੀ
★ ਖਜੂਰ
★ ਮਟਰ
★ ਸਟਰਾਅਬੇਰੀ
★ ਬਰੌਕਲੀ
★ ਆੜੂ
★ ਹਰੀਆਂ ਫਲੀਆਂ
★ ਅਲੂਚਾ
★ ਕੇਲ ਪੱਤਾ

**ਸਾਰ** : ਕੁਦਰਤ ਨੇ ਸਾਨੂੰ ਬੇਸ਼ਕੀਮਤੀ ਚੀਜ਼ਾਂ ਤੰਦਰੁਸਤ ਰਹਿਣ ਲਈ ਦਿੱਤੀਆਂ ਹੋਈਆਂ ਹਨ । ਜੇ ਅਸੀਂ ਇਨ੍ਹਾਂ ਦੀ ਸਹੀ ਸੰਭਾਲ ਕਰ ਕੇ, ਸਹੀ ਢੰਗ ਨਾਲ ਖਾਣਾ ਸ਼ੁਰੂ ਕਰ ਦੇਈਏ ਤਾਂ ਲੰਮੀ ਉਮਰ ਭੋਗ ਸਕਦੇ ਹਾਂ ਅਤੇ ਅਨੇਕ ਬਿਮਾਰੀਆਂ ਤੋਂ ਬਚ ਵੀ ਸਕਦੇ ਹਾਂ ।

# ਪੰਛੀਆਂ ਦਾ ਮੋਹ ਕਰਦੇ ਸਨ ਬਜ਼ੁਰਗ



ਜੋ ਇਸ ਧਰਤੀ ਤੇ ਪੈਦਾ ਹੁੰਦਾ ਹੈ ਇਸ ਉਪਜ ਨੂੰ ਸਾਂਝੀ ਕਨਾਇਤ ਸਮਝਿਆ ਜਾਂਦਾ ਸੀ । ਕਿਰਤ ਕਰੋ ਤੇ ਵੰਡ ਕੇ ਛੱਕਣ ਦੇ ਅਸੂਲ ਨੂੰ ਬਜ਼ੁਰਗ ਬਹੁਤ ਚੰਗੇਰਾ ਮੰਨਦੇ ਸਨ । ਬਜ਼ੁਰਗਾਂ ਨਸੀਹਤ ਕਰਦੇ ਸਨ ਕਿ ਪੁੰਨ ਦਾਨ ਕਰੋ ਕੋਈ ਵੀ ਰਾਹੀ ਪਾਂਧੀ ਮੰਗਦਾ ਪਸ਼ੂ ਪੰਛੀ ਭੁੱਖਾ ਨਾ ਰਹੇ ਉਹ ਚਿੰਤਾ ਨਾਲ ਸਭ ਦੇ ਮੂੰਹ ਖਾਣ ਲਈ ਕੁਝ ਨਾ ਕੁੱਝ ਪਾਉਂਦੇ ਸਨ । ਬਜ਼ੁਰਗਾਂ ਨੂੰ ਪੰਛੀਆਂ ਨਾਲ ਮੋਹ ਮਨੁੱਖ ਜਿੰਨਾ ਹੀ ਸੀ । ਖਾਸ ਕਰਕੇ ਉਹ ਖਰਾਬ ਮੌਸਮ ਵਿਚ ਪੰਛੀਆਂ ਬਹੁਤ ਧਿਆਨ ਰੱਖਦੇ ਸਨ । ਚਿੜੀਆਂ ਘੁੱਗੀਆਂ, ਕਬੂਤਰਾਂ, ਗੁਟਾਰਾਂ ਮੋਰਾਂ ਆਦਿ ਨੂੰ ਚੋਗਾ ਜ਼ਰੂਰ ਪਾਉਂਦੇ ਸਨ । ਉਹਨਾਂ ਦੀਆਂ ਰੱਖਿਆ ਲਈ ਯਤਨਸ਼ੀਲ ਰਹਿੰਦੇ ਸਨ । ਇਹਨਾਂ ਦੀ ਜਾਣਕਾਰੀ ਦੂਜਿਆਂ ਨਾਲ ਸਾਂਝੀ ਕਰਦਾ ਰਹਿੰਦਾ ਹੈ । ਘੁੱਗੀ ਤੇ ਕਬੂਤਰ ਬਹੁਤ ਅਣਭੋਲ ਜਾਨਵਰ ਹਨ ।



ਜਗਜੀਤ ਸਿੰਘ ਝੱਤਰਾ,
ਪੰਜਾਬੀ ਲਿਖਾਰੀ ਸਭਾ, ਪਿੰਡ ਝੱਤਰੇ,
ਤਹਿ. ਜੀਰਾ, ਜ਼ਿਲਾ ਫਿਰੋਜ਼ਪੁਰ-152028
ਮੋ: 7814490249

ਘੁੱਗੀ ਸ਼ਾਂਤੀ ਦਾ ਪ੍ਰਤੀਕ ਪੰਛੀ ਹੈ । ਇਸ ਨੂੰ ਮਾਰਨਾ ਸੌਖਾ ਹੁੰਦਾ । ਜਦ ਕੋਈ ਕੰਮ ਕਰਾਉਣ ਲਈ ਹਿੰਗ ਫਟਕੜੀ ਨਾ ਲੱਗੇ ਤੇ ਵੱਡਾ ਕੰਮ ਹੋ ਜਾਵੇ ਤਾਂ ਮੁਹਾਵਰਾ ਵਰਤ ਕੇ ਆਖਿਆ ਜਾਂਦਾ ਸੀ, ਕਿ ਛਿੱਤਰ ਨਾਲ ਘੁੱਗੀ ਕੁੱਟ ਲਈ , ਘੁੱਗੀ ਸਿਰਫ ਕਾਂ ਤੋਂ ਬਗੈਰ ਕਿਸੇ ਨਾਲ ਝਗੜਾ ਨਹੀਂ ਕਰਦੀ । ਜਦ ਕਾਂ ਇਸ ਦੇ ਆਂਡੇ ਪੀ ਜਾਂਦਾ ਤਾਂ ਖੰਭ ਖਿਲਾਰਕੇ ਮਗਰ ਪੈ ਜਾਂਦੀ । ਤਕਰੀਬਨ ਝਗੜੇ ਵਾਲੀ ਥਾਂ ਤੋਂ ਘੁੱਗੀ ਦੂਰ ਰਹਿੰਦੀ ਹੈ । ਜ਼ਿਆਦਾ ਗਰਮੀ ਵਿਚ ਉਹ ਰਾਗ ਅਲਾਪਦੀ ਹੈ । ਬਜ਼ੁਰਗ ਦੱਸਦੇ ਸਨ ਕਿ ਘੁੱਗੀ ਆਲਣਾ ਨਹੀਂ ਬਣਾ ਸਕਦੀ ਸੀ । ਕਿਸੇ ਟਾਹਣੀ ਤੇ ਚਾਰ ਡੱਕੇ ਰੱਖ ਕੇ ਅੰਡੇ ਦੇ ਦਿੰਦੀ ਜਦ ਹਵਾ ਤੇਜ਼ ਆਉਂਦੀ ਤਾਂ ਉਹ ਅੰਡੇ ਥੱਲੇ ਡਿੱਗ ਪੈਂਦੇ ਇਹ ਬਹੁਤ ਸ਼ਰੀਫ ਪੰਛੀ ਹੈ ਪਰ ਇਸ ਕਾਂ ਦੁਸ਼ਮਣ ਹੈ ।

ਕਬੂਤਰ ਵੀ ਇਕ ਭੋਲਾ ਪੰਛੀ ਹੈ । ਬਿੱਲੀ ਦਾ ਮਨ ਭਾਉਂਦਾ ਸ਼ਿਕਾਰ ਹੈ । ਬਜ਼ੁਰਗ ਕਹਿੰਦੇ ਸਨ ਜਦੋਂ ਬਿੱਲੀ ਆਉਂਦੀ ਤੇ ਇਹ ਅੱਖਾਂ ਵੇਖ ਕੇ ਮੀਟ ਲੈਂਦਾ ਹੈ ਪਰ ਬਿੱਲੀ ਆਪਣੀ ਝਪਟ ਚਲਾ ਲੈਂਦੀ ਹੈ । ਇਹ ਪੰਛੀ ਉਜਾੜ ਭਾਲਦਾ ਹੈ । ਰੋੜ ਚੁਗਦਾ ਹੈ ਇਸ ਦਾ ਪੋਟਾ ਬਹੁਤ ਤਾਕਤਵਰ ਹੈ । ਕੱਚਾ ਖਾਧਾ ਵੀ ਹਜ਼ਮ ਹੋ ਜਾਂਦਾ ਹੈ । ਚਿੜੀਆਂ ਮਨੁੱਖ ਦਾ ਸਾਥ ਭਾਲਦੀਆਂ ਹਨ । ਇਹ ਵੱਸੋਂ ਵਾਲੀ ਥਾਂ ਤੇ ਹੀ ਰੈਣ ਬਸੇਰਾ ਕਰਦੀਆਂ ਹਨ । ਕੁੜੀਆਂ ਤੇ ਚਿੜੀਆਂ ਨੂੰ ਮੇਲਕੇ ਦੇਖਿਆ ਜਾਂਦਾ ਹੈ । ਬਜ਼ੁਰਗ ਕਹਿੰਦੇ ਸਨ, ਦੋਹਾਂ ਦਾ ਸਾਥ ਹੋਣਾ ਚਾਹੀਦਾ ਹੈ । ਪੁਰਾਤਨ ਵੇਲੇ ਚਿੜੀਆਂ ਕੱਚੀਆਂ ਸਵਾਤਾਂ ਦੀ ਛੱਤਾਂ ਵਿਚ ਆਲ੍ਹਣੇ ਪਾ ਲੈਂਦੀਆਂ ਸਨ ਜਿੱਥੇ ਕਿਤੇ ਸ਼ਤੀਰਾਂ ਵਿਚ ਪੋਲੀ ਥਾਂ ਹੁੰਦੀ, ਛੱਪਰ ਵਿਚ ਖੋੜ ਬਣਾ ਕੇ ਆਂਡੇ ਦਿੰਦੀਆਂ ਸਨ । ਚਿੜੀਆਂ ਦਾ ਕੱਚੇ ਘਰਾਂ ਵਿਚ ਚਿੜਚੋਹਲ ਪਿਆ ਰਹਿੰਦਾ ਸੀ ।



ਉਹਨਾਂ ਵੇਲਿਆਂ ਵਿਚ ਕੀੜੇ ਮਾਰ ਦੁਆਈਆਂ ਦਾ ਛਿੜਕਾਅ ਬਿਲਕੁਲ ਨਹੀਂ ਸੀ ਹੁੰਦਾ । ਇਸਤਰ੍ਹਾਂ ਅਣਗਿਣਤ ਪੰਛੀ ਹੋਇਆ ਕਰਦੇ ਸਨ । ਬੀਜੀ ਕਣਕ ਦੇ 'ਢੰਗੂਰਾਂ' ਨੂੰ ਚਿੜੀਆਂ ਘੁੱਗੀਆਂ ਕਬੂਤਰ ਕੂੰਜਾਂ ਕਾਂ ਆਦਿ ਖਾ ਜਾਇਆ ਕਰਦੀਆਂ ਸਨ ਅੱਜ ਕੀੜੇ ਮਾਰ ਦੁਆਈਆਂ (ਪੈਸਟੀਸਾਈਡ) ਨੇ ਇਨ੍ਹਾਂ ਦਾ ਅੰਤ ਕਰ ਦਿੱਤਾ ਹੈ । ਕੁੱਝ ਪੰਛੀਆਂ ਦੀਆਂ ਜਾਤੀਆਂ ਗਾਇਬ ਹੋ ਗਈਆਂ ਬਾਕੀ ਦੀਆਂ ਵੀ ਗਿਣਤੀ ਘਟਦੀ ਜਾਂਦੀ ਹੈ । ਪੁਰਾਤਨ ਬਾਬਿਆਂ ਨੂੰ ਜਨੌਰਾਂ ਦਾ ਪੂਰਾ ਧਿਆਨ ਹੁੰਦਾ ਸੀ ਖੇਤਾਂ ਦੇ ਹੋਰ ਜਾਨਵਰਾਂ ਹੋਰ ਬਾਰੇ ਜਾਣਕਾਰੀ ਰੱਖਦੇ ਸਨ । ਵਾਧੀਆਂ ਵਿਚ ਵੀ ਤਿਤਰੀ ਖੜੀ ਫਸਲ 'ਚ ਅੰਡੇ ਦੇਂਦੀ । ਟਟਹਿਰੀ ਵੱਢੀ ਫਸਲ ਵਿਚ ਅੰਡੇ ਦਿੰਦੀ ।

ਪਰ ਬਜ਼ੁਰਗਾਂ ਨੂੰ ਕੀ ਪਤਾ ਸੀ, ਜਿਨ੍ਹਾਂ ਪੰਛੀਆਂ ਦੀ ਰਾਖੀ ਕਰਦੇ ਰਹੇ ਅਤੇ ਨੀਵੀਆਂ ਪੀੜੀਆਂ ਨੂੰ ਜਾਗਰਤ ਕਰਦੇ ਰਹੇ ਉਹ ਮਨੁੱਖ ਦੀ ਕ੍ਰੋਪੀ ਦਾ ਸ਼ਿਕਾਰ ਬਣਨਗੇ, ਕਈ ਜਾਤੀਆਂ ਖਤਮ ਹੋ ਗਈਆਂ ਹਨ । ਕੁਦਰਤੀ ਪੰਛੀ ਕਰਕੇ ਹੀ ਦੁਨੀਆਂ 'ਚ ਰੌਣਕ ਹੈ । ਇਹ ਸੁਰੱਖਿਅਤ ਹਨ ਮਨੁੱਖੀ ਜ਼ਿੰਦਗੀ ਸੁਰੱਖਿਅਤ ਹੈ । ਇਹਨਾਂ ਦੇ ਖਾਤਮੇ ਨਾਲ ਮਨੁੱਖੀ ਜੀਵਨ ਦਾ ਅੰਤ ਵੀ ਕੋਈ ਦੂਰ ਨਹੀਂ ਹੈ । (ਅੱਗੇ ਰੱਬ ਰਾਖਾ)

**ਪੰਜਾਬੀਓ ! ਸਾਡੀ ਲੜਾਈ ਅਸੂਲ ਦੀ ਹੈ, ਅੱਜ ਜਦੋਂ ਸਾਡਾ ਧਰਤੀ ਹੇਠਲਾ ਪਾਣੀ ਖਤਮ ਹੋ ਰਿਹਾ ਹੈ ਤਾਂ ਸਾਡੇ ਦਰਿਆਈ ਪਾਣੀਆਂ ਦੀ ਵੰਡ ਵਿਚ ਗੈਰ ਸੰਵਿਧਾਨਕ ਢੰਗ ਨਾਲ ਕੇਂਦਰ ਕਿਉਂ ਦਖਲ ਦੇ ਰਿਹਾ ਹੈ ? ਸਾਡੀ ਲੜਾਈ ਹਰਿਆਣੇ ਅਤੇ ਰਾਜਸਥਾਨ ਨਾਲ ਨਹੀਂ । ਪਹਿਲਾਂ ਸਾਡੇ ਦਰਿਆਵਾਂ ਦੇ ਪਾਣੀ ਦੇ ਮਾਲਕੀ ਦੇ ਹੱਕ ਪੰਜਾਬ ਨੂੰ ਦਿੱਤੇ ਜਾਣ । ਅਸੀਂ ਆਪਣੀ ਲੋੜ ਪੂਰੀ ਕਰਕੇ ਜ਼ਰੂਰ ਲੋੜਵੰਦ ਰਾਜਾਂ ਨੂੰ ਪਾਣੀ ਦੇਵਾਂਗੇ । ਦਿੱਲੀ ਰਾਜ ਜਿਸ ਦਾ ਸਾਡੇ ਪਾਣੀ 'ਤੇ ਕੋਈ ਹੱਕ ਨਹੀਂ, ਹਿਮਾਚਲ ਨੂੰ ਤਾਂ ਪਾਣੀ ਦੀ ਕੀਮਤ ਦਿੰਦਾ ਹੈ ਪਰ ਪੰਜਾਬ ਨੂੰ ਕਿਉਂ ਨਹੀਂ ?**



# ਪਾਣੀ ਮੁੱਕ ਚੱਲਿਆ, ਸਥਿਤੀ ਦੀ ਗੰਭੀਰਤਾ ਨੂੰ ਸਮਝਣ ਪੰਜਾਬੀ



**ਬਲਬੀਰ ਸਿੰਘ ਰਾਜੇਵਾਲ,**
**ਪ੍ਰਧਾਨ ਬੀ. ਕੇ. ਯੂ.,**
**ਭਗਵਾਨਪੁਰਾ ਰੋਡ, ਸਮਰਾਲਾ,**
**ਜ਼ਿਲ੍ਹਾ ਲੁਧਿਆਣਾ-141114**
**ਮੋ. 98142-28005**

ਪੋਹ ਦਾ ਮਹੀਨਾ ਪੰਜਾਬੀਆਂ ਖਾਸਕਰ ਸਿੱਖ ਸਮਾਜ ਲਈ ਬਹੁਤ ਅਹਿਮੀਅਤ ਰੱਖਦਾ ਹੈ । ਇਹ ਸਾਰਾ ਮਹੀਨਾ ਹੀ ਅਸੀਂ ਹਰ ਸਾਲ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਪਰਿਵਾਰ ਦੀਆਂ ਲਾਸਾਨੀ ਕੁਰਬਾਨੀਆਂ ਦੀ ਯਾਦ ਵਿਚ ਮਨਾਉਂਦੇ ਹਾਂ । ਇਸ ਸਾਲ 27 ਦਸੰਬਰ ਨੂੰ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਬਾਲ ਦਿਵਸ ਵਜੋਂ ਮਨਾਉਂਦੇ ਸਮੇਂ ਜਿਵੇਂ ਬੋਲੇ ਸੋ ਨਿਹਾਲ ਤੋਂ ਸ਼ੁਰੂ ਕਰਕੇ ਆਪਣਾ ਭਾਸ਼ਨ ਗੁਰੂ ਸਾਹਿਬ ਦੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਨਮਨ ਕਰਦਿਆਂ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ਨਾਲ ਸਮਾਪਤ ਕੀਤਾ, ਲੱਗਿਆ ਜਿਵੇਂ ਇਹ ਸਿੱਖ ਇਤਿਹਾਸ ਦੀਆਂ ਯਾਦਾਂ ਨੂੰ ਸਮਰਪਿਤ ਭਾਸ਼ਨ ਸੀ । ਪਰ ਅਗਲੇ ਹੀ ਦਿਨ ਮੋਦੀ ਸਰਕਾਰ ਨੇ ਇਕ ਵਾਰ ਫੇਰ ਪੰਜਾਬ ਦੀ ਦੁਖਦੀ ਰਗ ਐਸ. ਵਾਈ. ਐਲ. ਦੇ ਜ਼ਖਮਾਂ ਨੂੰ ਛੇੜਨ ਲਈ ਕੇਂਦਰੀ ਜਲ ਸਰੋਤ ਮੰਤਰੀ ਸ੍ਰੀ ਰਾਜੇਂਦਰ ਸ਼ੇਖਾਵਤ ਦੀ ਅਗਵਾਈ ਵਿਚ ਇਕ ਕੇਂਦਰੀ ਵਫਦ ਪੰਜਾਬ ਅਤੇ ਹਰਿਆਣੇ ਦੇ ਮੁੱਖ ਮੰਤਰੀਆਂ ਨਾਲ ਗੱਲਬਾਤ ਕਰਨ ਲਈ ਭੇਜ ਦਿੱਤਾ । ਐਸ. ਵਾਈ. ਐਲ. ਪੰਜਾਬ ਲਈ ਅਜਿਹਾ ਸੇਹ ਦਾ ਤੱਕਲਾ ਹੈ, ਜਿਸ ਨੂੰ ਛੇੜਦਿਆਂ ਹੀ ਪੰਜਾਬ ਵਲੋਂ 30 ਸਾਲ ਭੋਗਿਆ ਲੰਮਾ ਸੰਤਾਪ ਯਾਦ ਆ ਜਾਂਦਾ ਹੈ । ਇਸ ਨੇ ਪੰਜਾਬੀਆਂ ਨੂੰ ਇਕ ਵਾਰ ਫਿਰ ਝੰਜੋੜਿਆ, ਇਸ ਦਾ ਪੰਜਾਬ ਦੀਆਂ ਪੰਜ ਕਿਸਾਨ ਜਥੇਬੰਦੀਆਂ ਨੇ ਚੰਡੀਗੜ੍ਹ ਵਿਚ ਰੋਸ ਮਾਰਚ ਕਰਕੇ ਜ਼ਬਰਦਸਤ ਵਿਰੋਧ ਕੀਤਾ । ਕਿਉਂ ਦੁਖੀ ਹੁੰਦੇ ਹਨ ਪੰਜਾਬੀ, ਆਓ ਸਮਝੀਏ ।

ਕੁਦਰਤ ਨੇ ਦੇਸ਼ ਦੇ ਹਰ ਖਿੱਤੇ ਨੂੰ ਕੁੱਝ ਨਾ ਕੁਝ ਬਖਸ਼ਿਸ਼ ਕੀਤੀ ਹੈ । ਕਿਸੇ ਨੂੰ ਕੋਲਾ, ਕਿਸੇ ਨੂੰ ਲੋਹਾ, ਕਿਧਰੇ ਤੇਲ ਅਤੇ ਕਿੱਧਰੇ ਪੱਥਰ । ਪੰਜਾਬ ਨੂੰ ਉਪਜਾਊ ਧਰਤੀ ਅਤੇ ਧਰਤੀ ਹੇਠਲੇ ਪਾਣੀ ਸਮੇਤ ਦਰਿਆਈ ਪਾਣੀ । ਇੱਥੇ ਵਸਦੇ ਲੋਕਾਂ ਵਿਚ ਦੇਸ਼ ਲਈ ਕੁਰਬਾਨ ਹੋਣ ਦਾ ਜਜ਼ਬਾ ਸਾਡੇ ਗੁਰੂਆਂ ਪੀਰਾਂ ਤੋਂ ਵਿਰਸੇ ਵਿਚ ਮਿਲਿਆ ਹੈ । ਕੋਈ ਸਮਾਂ ਆਇਆ ਦੇਸ਼ ਵਿਚ ਅੰਨ ਸੰਕਟ ਸੀ । ਉਸ ਸਮੇਂ ਦੇ ਦੇਸ਼ ਦੇ ਪ੍ਰਧਾਨ ਮੰਤਰੀ ਨੇ ਹਫਤੇ ਵਿੱਚ ਘੱਟੋ-ਘੱਟ ਇਕ ਦਿਨ ਵਰਤ ਰੱਖਣ ਦਾ ਸੱਦਾ ਵੀ ਦਿੱਤਾ ਸੀ । ਸੰਕਟ ਉੱਤੇ ਕਾਬੂ ਪਾਉਣ ਲਈ ਪੰਜਾਬੀਆਂ ਨੇ ਅਣਥੱਕ ਮਿਹਨਤ ਕਰਕੇ ਹਰੇ ਇਨਕਲਾਬ ਨੂੰ ਸਫਲ ਕੀਤਾ । ਤਿੰਨਾਂ ਸਾਲਾਂ ਵਿਚ ਹੀ ਦੇਸ਼ ਅੰਨ ਪੱਖੋਂ ਆਤਮ ਨਿਰਭਰ ਹੋ ਗਿਆ । ਫਿਰ ਕੀ ਸੀ । ਚੱਲ ਸੋ ਚੱਲ । ਪੰਜਾਬੀਆਂ ਨੇ ਲਗਾਤਾਰ ਅੱਧੀ ਸਦੀ ਤੋਂ ਵੱਧ ਦੇਸ਼ ਦੇ ਡੇਢ ਪ੍ਰਤੀਸ਼ਤ ਰਕਬੇ ਵਿਚ ਵਸੇ ਪੰਜਾਬ ਵਿਚੋਂ ਹਮੇਸ਼ਾ ਅੱਧੋਂ ਵੱਧ ਹਿੱਸਾ ਕੇਂਦਰੀ ਅੰਨ ਭੰਡਾਰ ਵਿਚ ਪਾਇਆ ਦੇਸ਼ ਦਾ ਢਿੱਡ ਭਰਨ ਲਈ ਅਸੀਂ ਆਪਣਾ ਧਰਤੀ ਹੇਠਲਾ ਵਡਮੁੱਲਾ ਪਾਣੀ ਮੁਕਾ ਲਿਆ । ਕੇਂਦਰ ਸਰਕਾਰ ਨੇ ਅੱਜ ਤੱਕ ਕਦੀ ਵੀ ਇਸ ਪਾਣੀ ਦੀ ਕੀਮਤ ਫਸਲਾਂ ਦੇ ਪੈਦਾਵਾਰੀ ਖਰਚਿਆਂ ਵਿਚ ਨਹੀਂ ਗਿਣੀ ਅਤੇ ਨਾ ਹੀ ਇਸ ਦੇ ਇਵਜ਼ ਵਜੋਂ ਪੰਜਾਬ ਸਰਕਾਰ ਨੂੰ ਧੇਲਾ ਦਿੱਤਾ । ਅੱਜ ਅਸੀਂ ਆਪਣਾ ਧਰਤੀ ਹੇਠਲੇ ਪਾਣੀ ਦਾ ਖਜ਼ਾਨਾ ਮੁਕਾ ਚੁੱਕੇ ਹਾਂ । ਸਮੇਂ ਸਮੇਂ 'ਤੇ ਧਰਤੀ ਹੇਠਲੇ ਪਾਣੀ ਉੱਤੇ ਖੋਜਾਂ ਹੁੰਦੀਆਂ ਰਹੀਆਂ ਹਨ । ਮੇਰੇ ਕੋਲ ਵੱਖ-ਵੱਖ ਅਦਾਰਿਆਂ ਵਲੋਂ ਜਾਰੀ ਕੀਤੀਆਂ ਰਿਪੋਰਟਾਂ ਮੌਜੂਦ ਹਨ । ਇਨ੍ਹਾਂ ਵਿਚੋਂ ਅਹਿਮ ਸੈਂਟਰਲ ਗਰਾਊਂਡ ਵਾਟਰ ਬੋਰਡ, ਬ੍ਰਿਟਿਸ਼ ਜਿਓਲੋਜੀਕਲ ਸਰਵੇ, ਯੂਨੀਵਰਸਿਟੀ ਆਫ ਲੰਡਨ ਆਦਿ ਸਮੇਤ ਅਥਾਬਾਸਕਾ ਯੂਨੀਵਰਸਿਟੀ ਅਲਬਰਟਾ ਕੈਨੇਡਾ, ਨਾਸਾ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਆਦਿ ਦੀਆਂ ਰਿਪੋਰਟਾਂ ਅਹਿਮ ਹਨ । ਪਾਰਲੀਮੈਂਟ ਦੇ ਪਿਛਲੇ ਇਜਲਾਜ ਵਿਚ ਇਕ ਰਿਪੋਰਟ ਪੇਸ਼ ਕਰਦਿਆਂ ਕੇਂਦਰੀ ਜਲ ਸਰੋਤ ਵਿਭਾਗ ਦੇ ਰਾਜ ਮੰਤਰੀ ਨੇ ਕਿਹਾ ਕਿ ਪੰਜਾਬ ਅਤੇ ਹਰਿਆਣੇ ਵਿਚ ਧਰਤੀ ਹੇਠਲੇ ਪਾਣੀ ਭਿਆਨਕ (Critical) ਹੱਦ ਤੱਕ ਖਤਮ ਹੋ ਚੁੱਕੇ ਹਨ । ਪੰਜਾਬ ਦੀ ਸਥਿਤੀ ਹੋਰ ਵੀ ਨਾਜ਼ੁਕ ਹੈ । ਪੰਜਾਬ ਵਿਚ ਧਰਤੀ ਹੇਠਾਂ 100 ਮੀਟਰ ਤੱਕ ਪਾਣੀ 2024 ਤੱਕ ਖਤਮ ਹੋ ਜਾਵੇਗਾ । ਉਸ ਤੋਂ ਹੇਠਾਂ ਦੇ ਪਾਣੀ ਵਿਚ ਲੈੱਡ, ਨਾਈਟਰੇਟਸ ਅਤੇ ਹੋਰ ਕੈਮੀਕਲ ਇੰਨੇ ਜ਼ਿਆਦਾ ਹਨ ਕਿ ਇਹ ਪਾਣੀ ਮਨੁੱਖ ਤੇ ਜਾਨਵਰਾਂ ਦੇ ਪੀਣ ਅਤੇ ਫਸਲਾਂ ਦੀ ਸਿੰਚਾਈ ਲਈ ਖਤਰਨਾਕ ਹੈ ਅਤੇ ਇਸ ਦੀ ਵਰਤੋਂ ਨਹੀਂ ਹੋ ਸਕਦੀ । ਪੰਜਾਬ ਦਾ 85 ਪ੍ਰਤੀਸ਼ਤ ਇਲਾਕਾ ਪਾਣੀ ਖੁਣੋਂ ਨਾਜ਼ੁਕ ਦੌਰ ਵਿਚ ਚਲਾ ਗਿਆ ਹੈ ਅਤੇ ਬਾਕੀ 15 ਪ੍ਰਤੀਸ਼ਤ ਫਾਜ਼ਿਲਕਾ ਅਤੇ ਮੁਕਤਸਰ ਦਾ ਪਾਣੀ ਪਹਿਲਾਂ ਹੀ ਪੀਣਯੋਗ ਅਤੇ ਫਸਲਾਂ ਨੂੰ ਲਾਉਣਯੋਗ ਨਹੀਂ । ਪੰਜਾਬ ਵਿਚੋਂ ਵਧੀਆ ਪਾਣੀ ਮੁੱਕਣ ਕਿਨਾਰੇ ਹੈ । ਬਰਸਾਤ ਆਦਿ ਨਾਲ ਇਸ ਵਿਚ 149 ਪ੍ਰਤੀਸ਼ਤ ਰੀਚਾਰਜ ਹੁੰਦਾ ਹੈ । ਪਰ ਅਸੀਂ 166 ਪ੍ਰਤੀਸ਼ਤ ਧਰਤੀ ਹੇਠੋਂ ਕੱਢ ਲੈਂਦੇ ਹਾਂ । ਇੰਜ ਜਿੱਥੇ ਰੀਚਾਰਜ ਕੇਵਲ 21.58 ਬਿਲੀਅਨ ਕਿਊਬਿਕ ਮੀਟਰ ਹੁੰਦਾ ਹੈ, ਉੱਥੇ ਅਸੀਂ 166 ਪ੍ਰਤੀਸ਼ਤ ਅਰਥਾਤ 35.78 ਬਿਲੀਅਨ ਕਿਊਬਿਕ ਮੀਟਰ ਪਾਣੀ ਅਸੀਂ ਧਰਤੀ ਹੇਠੋਂ ਕੱਢ ਲੈਂਦੇ ਹਾਂ । ਇੰਜ ਪੰਜਾਬ ਵਿਚ ਪਾਣੀ ਦੇ ਸੰਕਟ ਦੀ ਘੰਟੀ ਵੱਜ ਚੁੱਕੀ ਹੈ ।



ਇਹ ਰਿਪੋਰਟ ਪੇਸ਼ ਕਰਦਿਆਂ ਕੇਂਦਰੀ ਮੰਤਰੀ ਨੇ ਇਹ ਵੀ ਕਿਹਾ ਕਿ ਸੰਵਿਧਾਨ ਅਨੁਸਾਰ ਪਾਣੀ ਰਾਜਾਂ ਦਾ ਵਿਸ਼ਾ ਹੈ, ਇਸ ਵਿਚ ਕੇਂਦਰ ਸਰਕਾਰ ਦਖਲ ਨਹੀਂ ਦੇ ਸਕਦੀ । ਪੰਜਾਬ ਸਰਕਾਰ ਨੂੰ ਹੀ ਇਸ ਸੰਬੰਧੀ ਕਦਮ ਚੁੱਕਣੇ ਪੈਣਗੇ । ਸਾਡੇ ਕੋਲ ਕੁਦਰਤ ਦਾ ਬਖਸ਼ਿਆ ਦੂਜਾ ਪਾਣੀ ਦਾ ਸੋਮਾ ਦਰਿਆਈ ਪਾਣੀਆਂ ਦਾ ਹੈ । ਜਿਸ ਨੂੰ ਖੋਹ ਕੇ ਦੂਜੇ ਰਾਜਾਂ ਨੂੰ ਦੇਣ ਵਿਚ ਕੇਂਦਰ ਸਰਕਾਰ ਨੇ ਵਾਰ-ਵਾਰ ਦਖਲ ਦਿੱਤਾ ਹੈ । ਸਾਡੇ ਦਰਿਆ ਸਤਲੁਜ, ਬਿਆਸ ਅਤੇ ਰਾਵੀ ਅੰਤਰਰਾਜੀ ਦਰਿਆ ਨਹੀਂ ਹਨ ਅਤੇ ਨਾ ਹੀ ਕੋਈ ਰਾਜ ਇਨ੍ਹਾਂ ਦੇ ਬੇਸਿਨ (ਤੱਟਵਰਤੀ ਖੇਤਰ) ਵਿਚ ਹੈ । ਅਰਥਾਤ ਕੋਈ ਵੀ ਰਾਈਪੇਰੀਅਨ ਨਹੀਂ । ਸੰਵਿਧਾਨ ਦੀ ਸੱਤਵੇਂ ਸ਼ਡਿਊਲ ਦੀ ਸਟੇਟ ਲਿਸਟ ਵਿਚ ਪਾਣੀ 17 ਨੰਬਰ ਉੱਤੇ ਦਰਜ ਹੈ । ਇੰਜ ਇਨ੍ਹਾਂ ਦਰਿਆਵਾਂ ਦੇ ਪਾਣੀ ਦਾ ਅਸਲੀ ਮਾਲਕ ਪੰਜਾਬ ਹੈ । ਇਸ ਨੂੰ ਦੂਜੇ ਰਾਜਾਂ ਨੂੰ ਦੇਣ ਲਈ ਕੇਂਦਰ ਨੇ ਹਰ ਵਾਰ ਕੋਈ ਨਾ ਕੋਈ ਤਿਕੜਮ ਲਾਈ । ਪੰਜਾਬ ਅਤੇ ਹਰਿਆਣੇ ਦੇ ਪੁਨਰਗਠਨ ਸਮੇਂ ਇਸਦੇ ਪੁਨਰ ਗਠਨ ਐਕਟ ਵਿਚ ਧਾਰਾ 78, 79 ਅਤੇ 80 ਕੇਵਲ ਪੰਜਾਬ ਦਾ ਪਾਣੀ ਖੋਹਣ ਲਈ ਪਾਈਆਂ ਗਈਆਂ । ਪੰਜਾਬ ਦੀ ਕਿਸੇ ਵੀ ਸੱਤਾਧਾਰੀ ਪਾਰਟੀ ਨੇ ਪੈਰ ਅੜਾ ਕੇ ਕੇਂਦਰ ਨੂੰ ਕਦੀ ਇਹ ਨਹੀਂ ਕਿਹਾ ਕਿ ਪਾਣੀ ਰਾਜਾਂ ਦਾ ਵਿਸ਼ਾ ਹੈ । ਪੰਜਾਬ ਨੇ ਜਦੋਂ ਪੁਨਰਗਠਨ ਐਕਟ ਦੀ ਧਾਰਾ 78, 79 ਅਤੇ 80 ਨੂੰ ਸੁਪਰੀਮ ਕੋਰਟ ਵਿਚ ਚੈਲੰਜ ਕੀਤਾ ਜਾਂ ਸ੍ਰੀਮਤੀ ਇੰਦਰਾ ਗਾਂਧੀ ਨੇ ਸ੍ਰ. ਦਰਬਾਰਾ ਸਿੰਘ ਮੁੱਖ ਮੰਤਰੀ ਨੂੰ ਧਮਕਾ ਕੇ ਸੁਪਰੀਮ ਕੋਰਟ ਤੋਂ ਪਟੀਸ਼ਨ ਵਾਪਸ ਕਰਵਾ ਦਿੱਤੀ । ਇਸੇ ਤਰ੍ਹਾਂ ਰਾਜੀਵ ਲੌਂਗੋਵਾਲ ਸਮਝੌਤੇ ਨੂੰ ਕੋਈ ਕਾਨੂੰਨੀ ਮਾਨਤਾ ਨਾ ਮਿਲਦੀ, ਜੇਕਰ ਬਾਅਦ ਵਿਚ ਉਸਨੂੰ ਕਾਨੂੰਨੀ ਮਾਨਤਾ ਦੇਣ ਲਈ ਪਾਰਲੀਮੈਂਟ ਵਿਚ ਪਾਸ ਨਾ ਕੀਤਾ ਹੁੰਦਾ ।

ਇਹ ਸਮਝੌਤੇ ਚਿਰ ਸਥਾਈ ਨਹੀਂ ਹੁੰਦੇ । ਸਰਕਾਰਾਂ ਇਨ੍ਹਾਂ ਉੱਤੇ 25 ਸਾਲਾਂ ਬਾਅਦ ਪੁਨਰਵਿਚਾਰ ਕਰਦੀਆਂ ਹਨ । ਇਸ ਵੇਲੇ ਕੇਂਦਰ ਸਰਕਾਰ ਗੰਗਾ ਨਦੀ ਦੇ ਪਾਣੀਆਂ ਦੇ ਸਮਝੌਤੇ ਉੱਤੇ 25 ਸਾਲ ਬੀਤਣ ਉੱਤੇ ਬੰਗਲਾਦੇਸ਼ ਨਾਲ ਗੱਲਬਾਤ ਕਰ ਰਹੀ ਹੈ । ਅੱਜ ਜਦੋਂ ਪੰਜਾਬ ਖੁਦ ਪਾਣੀ ਖੁਣੋਂ ਪਿਆਸਾ ਹੈ ਤਾਂ ਪੰਜਾਬ ਦੇ ਪਾਣੀਆਂ ਦੇ 1955, 1981 ਅਤੇ ਉਸਤੋਂ ਬਾਅਦ ਦੇ ਸਮਝੌਤਿਆਂ ਉੱਤੇ ਪੁਨਰ ਵਿਚਾਰ ਕਿਉਂ ਨਹੀਂ ਹੋ ਸਕਦਾ ? ਪੰਜਾਬ ਦੀਆਂ ਲੋੜਾਂ ਨੂੰ ਅੱਖੋਂ-ਪਰੋਖੇ ਕਰਕੇ ਐਸ. ਵਾਈ. ਐਲ. ਦਾ ਵਾਰ ਵਾਰ ਰਾਗ ਕਿਉਂ ਅਲਾਪਿਆ ਜਾ ਰਿਹਾ ਹੈ ? ਪੰਜਾਬ ਨਾਲ ਹਰ ਪੱਧਰ ਉੱਤੇ ਵਿਤਕਰਾ ਕਿਉਂ ?

ਪੰਜਾਬੀਓ ! ਸਾਡੀ ਲੜਾਈ ਅਸੂਲ ਦੀ ਹੈ, ਅੱਜ ਜਦੋਂ ਸਾਡਾ ਧਰਤੀ ਹੇਠਲਾ ਪਾਣੀ ਖਤਮ ਹੋ ਰਿਹਾ ਹੈ ਤਾਂ ਸਾਡੇ ਦਰਿਆਈ ਪਾਣੀਆਂ ਦੀ ਵੰਡ ਵਿਚ ਗੈਰ ਸੰਵਿਧਾਨਕ ਢੰਗ ਨਾਲ ਕੇਂਦਰ ਕਿਉਂ ਦਖਲ ਦੇ ਰਿਹਾ ਹੈ ? ਸਾਡੀ ਲੜਾਈ ਹਰਿਆਣੇ ਅਤੇ ਰਾਜਸਥਾਨ ਨਾਲ ਨਹੀਂ । ਪਹਿਲਾਂ ਸਾਡੇ ਦਰਿਆਵਾਂ ਦੇ ਪਾਣੀ ਦੇ ਮਾਲਕੀ ਦੇ ਹੱਕ ਪੰਜਾਬ ਨੂੰ ਦਿੱਤੇ ਜਾਣ । ਅਸੀਂ ਆਪਣੀ ਲੋੜ ਪੂਰੀ ਕਰਕੇ ਜ਼ਰੂਰ ਲੋੜਵੰਦ ਰਾਜਾਂ ਨੂੰ ਪਾਣੀ ਦੇਵਾਂਗੇ । ਦਿੱਲੀ ਰਾਜ ਜਿਸ ਦਾ ਸਾਡੇ ਪਾਣੀ 'ਤੇ ਕੋਈ ਹੱਕ ਨਹੀਂ, ਹਿਮਾਚਲ ਨੂੰ ਤਾਂ ਪਾਣੀ ਦੀ ਕੀਮਤ ਦਿੰਦਾ ਹੈ ਪਰ ਪੰਜਾਬ ਨੂੰ ਕਿਉਂ ਨਹੀਂ ?

ਦੂਜੀ ਸਾਡੀ ਮੰਗ ਚੰਡੀਗੜ੍ਹ ਦੀ ਹੈ, ਜੋ ਪੰਜਾਬ ਦੇ ਪਿੰਡ ਉਜਾੜ ਕੇ ਪੰਜਾਬ ਦੀ ਰਾਜਧਾਨੀ ਵਜੋਂ ਉਸਾਰਿਆ ਗਿਆ ਸੀ । ਹਰਿਆਣੇ ਨੂੰ ਅਲੱਗ ਹੋਣ ਸਮੇਂ ਆਪਣੀ ਰਾਜਧਾਨੀ ਲਈ ਜਗ੍ਹਾ ਲੱਭਣ ਲਈ ਪੰਜ ਸਾਲ ਦਾ ਸਮਾਂ ਦਿੱਤਾ ਗਿਆ ਸੀ । ਉਹ 57 ਸਾਲਾਂ ਵਿਚ ਆਪਣੀ ਰਾਜਧਾਨੀ ਲਈ ਥਾਂ ਨਹੀਂ ਲੱਭ ਸਕਿਆ । ਸਾਡੀ ਰਾਜਧਾਨੀ ਵਿਚ ਪੈਰ ਕਿਉਂ ਅੜਾਈ ਬੈਠਾ ਹੈ ? ਕੇਂਦਰ ਸਰਕਾਰ ਨੇ ਸਾਡੀ ਰਾਜਥਾਨੀ ਉੱਤੇ ਨਾਜਾਇਜ਼ ਕਬਜ਼ਾ ਕਿਉਂ ਕੀਤਾ ਹੋਇਆ ਹੈ ? ਚੰਡੀਗੜ੍ਹ ਪ੍ਰਸ਼ਾਸਨ ਪੰਜਾਬ ਨਾਲ ਵਿਦੇਸ਼ੀਆਂ ਵਰਗਾ ਸਲੂਕ ਕਰਦਾ ਹੈ । ਕਿਸੇ ਵੀ ਪੰਜਾਬੀ ਜਥੇਬੰਦੀ ਜਾਂ ਪਾਰਟੀ ਨੂੰ ਸ਼ਾਂਤਮਈ ਰੋਸ ਪ੍ਰਗਟ ਕਰਨ ਲਈ ਚੰਡੀਗੜ੍ਹ ਵਿਚ ਵੜਨ ਵੀ ਨਹੀਂ ਦਿੰਦਾ । ਇਸ ਤੋਂ ਆਜ਼ਾਦੀ ਲੈਣੀ ਪਵੇਗੀ ।

ਸਨਅਤਾਂ ਅਤੇ ਸ਼ਹਿਰਾਂ ਦਾ ਗੰਦਾ ਪਾਣੀ ਸਾਡੇ ਪੀਣ ਵਾਲੇ ਪਾਣੀ ਅਤੇ ਹਵਾ ਨੂੰ ਵੀ ਦੂਸ਼ਿਤ ਕਰ ਰਹੇ ਹਨ । ਸਰਕਾਰਾਂ ਪਰਾਲੀ ਸਾੜਨ 'ਤੇ ਕਿਸਾਨਾਂ ਨੂੰ ਤਾਂ ਬਦਨਾਮ ਕਰਦੀਆਂ ਹਨ, ਅਸਲ ਦੋਸ਼ੀ ਸਨਅਤਾਂ ਆਦਿ ਨੂੰ ਨਕੇਲ ਕਿਉਂ ਨਹੀਂ ਪਾਈ ਜਾਂਦੀ ? ਕਿਸਾਨ ਅਤੇ ਮਜ਼ਦੂਰ ਖੁਦਕੁਸ਼ੀਆਂ ਕਰ ਰਹੇ ਹਨ । ਉਹ ਸਰਕਾਰ ਦੀਆਂ ਨੀਤੀਆਂ ਕਾਰਨ ਕਰਜ਼ੇ ਦੇ ਜਾਲ ਵਿਚ ਫਸੇ ਹੋਏ ਹਨ । ਸਰਕਾਰ ਅਮੀਰ ਘਰਾਣਿਆਂ ਦੇ ਕਰਜ਼ੇ ਤਾਂ ਹਰ ਸਾਲ ਢਾਈ ਲੱਖ ਕਰੋੜ ਦੇ ਮੁਆਫ ਕਰ ਦਿੰਦੀ ਹੈ, ਪਰ ਕਿਸਾਨ ਅਤੇ ਮਜ਼ਦੂਰਾਂ ਦੇ ਕਰਜ਼ੇ ਉੱਤੇ ਲਕੀਰ ਕਿਉਂ ਨਹੀਂ ਵੇਰੀ ਜਾਂਦੀ ।

ਕਿਸਾਨਾਂ ਨੇ ਪਾਣੀਆਂ, ਸੰਘੀ ਢਾਂਚੇ, ਪ੍ਰਦੂਸ਼ਣ ਅਤੇ ਕਰਜ਼ੇ ਸਬੰਧੀ ਸਰਕਾਰ ਨੂੰ 18 ਜਨਵਰੀ ਤੋਂ ਅੰਦੋਲਨ ਦਾ ਨੋਟਿਸ ਦਿੱਤਾ ਹੋਇਆ ਹੈ । ਕੇਂਦਰ ਸਰਕਾਰ ਇਨ੍ਹਾਂ ਮੁੱਦਿਆਂ ਤੋਂ ਬਚਣ ਲਈ ਆਪਣੇ ਚਹੇਤਿਆਂ ਨੂੰ ਸਰਗਰਮ ਕਰਕੇ ਲੋਕਾਂ ਨੂੰ ਭਟਕਾਉਣਾ ਚਾਹੁੰਦੀ ਹੈ । ਸਰਕਾਰ ਦੀ ਟਿੱਲ ਲੱਗੀ ਹੋਈ ਹੈ, ਪਰ ਜਿਸ ਰਫਤਾਰ ਨਾਲ ਸਾਡੇ ਪਾਣੀ ਦੀ ਸਮੱਸਿਆ ਵਿਰਾਟ ਰੂਪ ਧਾਰਨ ਕਰ ਰਹੀ ਹੈ, ਉਸ ਨੂੰ ਬਹੁਤਾ ਸਮਾਂ ਲਟਕਾਇਆ ਜਾ ਸਕਦਾ । ਸਮਾਂ ਮੰਗ ਕਰਦਾ ਹੈ ਕਿ ਹਰ ਸੁਹਿਰਦ ਪੰਜਾਬੀ ਅਤੇ ਜਥੇਬੰਦੀ ਸਾਡਾ ਸਾਥ ਦੇਵੇ ।

# ਅਗੇਤੀਆਂ ਸਬਜ਼ੀਆਂ ਲਈ ਪਨੀਰੀ ਤਿਆਰ ਕਰਨ ਦੇ ਢੰਗ

**ਸਬਜ਼ੀਆਂ ਦੀ ਚੰਗੀ ਪੈਦਾਵਾਰ ਪਨੀਰੀ ਦੀ ਗੁਣਵੱਤਾ ਤੇ ਨਿਰਭਰ ਕਰਦੀ ਹੈ। ਗਰਮ ਰੁੱਤ ਵਿਚ ਟਮਾਟਰ, ਮਿਰਚ, ਬੈਂਗਣ, ਸ਼ਿਮਲਾ ਮਿਰਚ ਆਦਿ ਪ੍ਰਮੁੱਖ ਸਬਜ਼ੀਆਂ ਹਨ, ਜੋ ਕਿ ਪਨੀਰੀ ਤੋਂ ਉਗਾਈਆਂ ਜਾਂਦੀਆਂ ਹਨ। ਇਹਨਾਂ ਸਬਜ਼ੀਆਂ ਦੀ ਪਨੀਰੀ ਖੁੱਲ੍ਹੇ ਵਾਤਾਵਰਨ, ਪੌਲੀਹਾਊਸ/ਨੈੱਟ ਹਾਊਸ/ਨੀਵੀਂ ਸੁਰੰਗ ਪ੍ਰਣਾਲੀ ਆਦਿ ਵਿਧੀਆਂ ਰਾਹੀਂ ਤਿਆਰ ਕੀਤੀ ਜਾ ਸਕਦੀ ਹੈ। ਛੋਟੇ ਅਤੇ ਦਰਮਿਆਨੇ ਕਿਸਾਨਾਂ ਲਈ ਨੀਵੀਂ ਸੁਰੰਗ ਪ੍ਰਣਾਲੀ ਬਹੁਤ ਢੁਕਵੀਂ ਹੈ, ਕਿਉਂਕਿ ਇਹ ਦੂਜੀਆਂ ਸੁਰੱਖਿਅਤ ਤਕਨੀਕਾਂ ਨਾਲ ਘੱਟ ਲਾਗਤ ਵਿਚ ਲੱਗਦੀ ਹੈ ਅਤੇ ਇਸ ਦਾ ਰੱਖ-ਰੱਖਾਵ ਵੀ ਸੌਖਾ ਹੈ। ਇਸ ਤੋਂ ਇਲਾਵਾ ਕਿਸਾਨ ਵੀਰ ਸਬਜ਼ੀਆਂ ਦੀ ਅਗੇਤੀ ਕਾਸ਼ਤ ਕਰਕੇ ਵੱਧ ਮੁਨਾਫਾ ਵੀ ਕਮਾ ਸਕਦੇ ਹਨ।**

ਦਿਲਪ੍ਰੀਤ ਤਲਵਾੜ, ਸਰਵਪ੍ਰਿਆ ਸਿੰਘ ਅਤੇ ਪ੍ਰਿਤਪਾਲ ਸਿੰਘ,
ਸਬਜ਼ੀ ਵਿਗਿਆਨ ਵਿਭਾਗ,
ਪੀ. ਏ. ਯੂ., ਲੁਧਿਆਣਾ
(ਮੋ. 95927-72123)

**ਪਨੀਰੀ ਤਿਆਰ ਕਰਨ ਦੇ ਢੰਗ ਤਰੀਕੇ**

ਪਨੀਰੀ ਤਿਆਰ ਕਰਨ ਲਈ ਜ਼ਮੀਨ ਭੁਰਭੁਰੀ, ਪਾਣੀ ਸੋਖਣ ਵਾਲੀ ਹੋਵੇ, ਨਦੀਨ



ਰਹਿਤ ਅਤੇ ਨਾਲ ਹੀ ਚੰਗੇ ਪਾਣੀ ਦੇ ਪ੍ਰਬੰਧ ਵਾਲੀ ਹੋਣੀ ਚਾਹੀਦੀ ਹੈ। ਪੌਦੇ ਤਿਆਰ ਕਰਨ ਲਈ ਜ਼ਮੀਨ ਦੀ ਚੰਗੀ ਤਰ੍ਹਾਂ ਵਾਹੀ ਕਰੋ। ਇਸ ਤੋਂ ਬਾਅਦ ਲੋੜ ਅਨੁਸਾਰ ਲੰਮੇ, ਤਿੰਨ ਫੁੱਟ ਚੌੜੇ ਅਤੇ 20 ਸੈਂ. ਮੀ. ਉੱਚੇ ਬੈੱਡ ਬਣਾਓ। ਬੀਜ ਦੀ ਸੋਧ ਕਰਨ ਉਪਰੰਤ, ਕਤਾਰਾਂ ਵਿਚ 1 ਤੋਂ 2 ਸੈਂ. ਮੀ. ਡੂੰਘੇ ਅਤੇ 2 ਸੈਂ. ਮੀ. ਵੀ ਵਿੱਥ ਤੇ ਬੀਜ ਬੀਜੋ। ਪਨੀਰੀ ਪੁੰਗਰਨ ਤੋਂ ਬਾਅਦ ਕੈਪਟਾਨ ਜਾਂ ਬਵਿਸਟਨ ਦਵਾਈ 2 ਗ੍ਰਾਮ ਪ੍ਰਤੀ ਲੀਟਰ ਵਿਚ ਘੋਲ ਕੇ ਬੈੱਡ ਦੇ ਪਨੀਰੀ ਨੂੰ ਗੜੁੱਚ ਕਰੋ। 25 ਤੋਂ 30 ਦਿਨ ਦੀ ਪਨੀਰੀ ਪੁੱਟ ਕੇ ਖੇਤ ਵਿਚ ਸ਼ਾਮ ਨੂੰ ਲਗਾ ਦਿਓ। ਪਨੀਰੀ ਪੁੱਟਣ ਤੋਂ ਪਹਿਲਾਂ 2 ਦਿਨ ਪਨੀਰੀ ਨੂੰ ਪਾਣੀ ਨਾ ਦਿਓ ਤਾਂ ਕੇ ਬੂਟੇ ਮਜ਼ਬੂਤ ਅਤੇ ਸਖਤ ਹੋ ਜਾਣ। ਟਮਾਟਰਾਂ ਦੀ ਇੱਕ ਏਕੜ ਵਿਚ ਕਾਸ਼ਤ ਕਰਨ ਲਈ 100 ਗ੍ਰਾਮ, ਬੈਂਗਣਾਂ ਲਈ 300-400 ਗ੍ਰਾਮ ਅਤੇ ਮਿਰਚਾਂ ਲਈ 200 ਗ੍ਰਾਮ ਬੀਜ ਦੀ ਵਰਤੋਂ ਕਰੋ। ਰਵਾਇਤੀ ਤਰੀਕੇ ਨਾਲ ਬੀਜੀ ਪਨੀਰੀ ਖੁੱਲ੍ਹੇ ਆਸਮਾਨ ਹੇਠ ਹੋਣ ਕਰਕੇ ਮੌਸਮ ਦੀ ਮਾਰ ਹੇਠ ਆ ਸਕਦੀ ਹੈ। ਬਿਮਾਰੀਆਂ ਅਤੇ ਕੀੜੇ ਮਕੌੜੇ ਦਾ ਹਮਲਾ ਵੀ ਜ਼ਿਆਦਾ ਹੁੰਦਾ ਹੈ।

ਮਿੱਟੀ ਰਹਿਤ ਮਿਸ਼ਰਣ ਵਿਧੀ ਨਾਲ ਪਨੀਰੀ ਤਿਆਰ ਲਈ ਟਰੇਆਂ ਨੂੰ ਚੰਗੀ ਤਰ੍ਹਾਂ ਪਾਣੀ ਨਾਲ ਧੋ ਲਵੋ ਅਤੇ ਨਾਲ ਹੀ ਨਾਰੀਅਲ ਦਾ ਬੁਰਾਦਾ/ਕੋਕੋਪੀਟ ਨੂੰ 2 ਵਾਰੀ ਪਾਣੀ ਨਾਲ ਧੋ ਲਵੋ ਤਾਂ ਜੋ ਤੇਜ਼ਾਬੀ ਮਾਦਾ ਅਤੇ ਵਾਧੂ ਲੂਣ ਬਾਹਰ ਨਿਕਲ ਜਾਣ ਅਤੇ ਪੀਐੱਚ-6 ਤੋਂ 7 ਦੇ ਦਰਮਿਆਨ ਆ ਜਾਵੇ। ਮਿਸ਼ਰਣ ਤਿਆਰ ਕਰਨ ਲਈ ਤਿੰਨਾਂ ਤੱਤਾਂ (ਕੋਕੋਪੀਟ : ਵਰਮੀਕੋਲਾਈਟ : ਪਰਲਾਈਟ 3:1:1) ਨੂੰ ਚੰਗੀ ਤਰ੍ਹਾਂ ਮਿਲਾ ਲਵੋ। ਮਿਸ਼ਰਣ ਵਿਚ ਜ਼ਿਆਦਾ ਪਾਣੀ-ਨਮੀਂ ਬਹੁਤ ਨਾ ਹੋਵੇ ਨਹੀਂ ਤਾਂ ਬੀਜ ਗਲ ਸਕਦਾ ਹੈ, ਇਸ ਲਈ ਮੀਡੀਆ ਨੂੰ ਆਪਣੀ ਮੁੱਠੀ ਵਿੱਚ ਘੁੱਟ ਕੇ ਚੈੱਕ ਕਰ ਲਵੋ ਕਿ ਉਸ ਵਿੱਚੋਂ ਪਾਣੀ ਦੀਆਂ ਦੋ ਚਾਰ ਬੂੰਦਾਂ ਹੀ ਨਿਕਲਣ। ਮੀਡੀਆ ਹੀ ਸਹੀ ਮਾਤਰਾ ਵਿਚ ਮਿਲਾਉਣ ਤੇ ਬੀਜ ਦਾ ਉੱਗਣ ਫੁਟਾਰਾ ਜ਼ਿਆਦਾ ਹੋਵੇਗਾ। ਟਰੇਆਂ ਨੂੰ ਮਿਸ਼ਰਣ ਨਾਲ ਭਰ ਲਵੋ ਅਤੇ ਹਰ ਪਲੱਗ/ਕੁੱਪੀ ਵਿੱਚ ਬੀਜ ਨੂੰ ਲਾਵੋ ਅਤੇ ਬੀਜ ਨੂੰ ਮਿਸ਼ਰਨ ਨਾਲ ਢੱਕ ਦਿਉ। ਵਰਮੀਕੁਲਾਈਟ ਦੀ ਪਤਲੀ ਪਰਤ ਟਰੇਆਂ ਤੇ ਵਿਛਾ ਦਿਉ ਤਾਂ ਕਿ ਪਾਣੀ ਦਾ ਵਾਸ਼ਪੀਕਰਣ ਟਰੇਆਂ 'ਚੋਂ ਘੱਟ ਹੋਵੇ। ਬੀਜ ਜੰਮਣ ਤੋਂ ਬਾਅਦ ਟਰੇਆਂ ਨੂੰ ਪੁੰਗਰਣ ਕਿਰਿਆ ਚੈਂਬਰ ਵਿਚ ਰੱਖ ਦਿਓ ਅਤੇ ਬੀਜ ਪੁੰਗਰਨ ਦਿਉ।

ਕੋਕੋਪੀਟ, ਪਰਲਾਈਟ ਅਤੇ ਵਰਮੀਕੁਲਾਈਟ ਦੇ ਮਿਸ਼ਰਣ ਵਿਚ ਤਿਆਰ ਕੀਤੀ ਪਨੀਰੀ ਬੇਮੌਸਮੀ ਹਲਾਤਾਂ ਵਿਚ ਸਾਰੀਆਂ ਸਬਜ਼ੀਆਂ ਪੈਦਾ ਕਰਨ ਲਈ ਵਰਤੀ ਜਾ ਸਕਦੀ ਹੈ ਅਤੇ ਕਿਸਾਨ ਬੇਮੌਸਮੀ ਪਨੀਰੀ ਤਿਆਰ ਕਰਕੇ ਅਗੇਤੀ-ਪਿਛੇਤੀ ਫਸਲ ਤੋਂ ਜ਼ਿਆਦਾ ਮੁਨਾਫਾ ਲੈ ਸਕਦੇ ਹਨ।

ਕੱਦੂ ਜਾਤੀ ਦੀ ਪਨੀਰੀ ਤਿਆਰ ਕਰਨ ਲਈ 15 ਤੋਂ 20 ਦਿਨ ਲੱਗਦੇ ਹਨ ਅਤੇ ਟਮਾਟਰ, ਸ਼ਿਮਲਾ ਮਿਰਚ, ਕੌੜੀ ਮਿਰਚ, 35 ਤੋਂ 40 ਦਿਨ ਅੰਦਰ ਤਿਆਰ ਹੋ ਜਾਂਦੀ ਹੈ। ਬੀਜ ਜੰਮਣ ਤੋਂ 8-10 ਦਿਨ ਬਾਅਦ ਐੱਨ. ਪੀ. ਕੇ. (19:19:19) ਦੀ ਸਪਰੇਅ 3 ਗ੍ਰਾਮ ਪ੍ਰਤੀ ਲੀਟਰ ਨਾਲ ਕਰੋ। 15 ਤੋਂ 20 ਦਿਨ ਬਾਅਦ ਕੈਲਸ਼ੀਅਮ ਨਾਈਟਰੇਟ ਜਾਂ ਮੈਗਨੀਸ਼ੀਅਮ ਸਲਫੇਟ ਦੀ ਸਪਰੇਅ 1 ਗ੍ਰਾਮ ਪ੍ਰਤੀ ਲੀਟਰ ਨਾਲ ਕਰਦੇ ਰਹੋ। ਹਫਤੇ ਵਿਚ ਇਕ ਵਾਰ ਕੈਪਟਾਨ/ਬਾਵਿਸਟਨ 1 ਗ੍ਰਾਮ ਪ੍ਰਤੀ ਲੀਟਰ ਦੀ ਸਪਰੇਅ ਕਰੋ ਤਾਂ ਜੋ ਉੱਲੀ ਰੋਗਾਂ ਤੋਂ ਬਚਿਆ ਜਾ ਸਕੇ। ਇਹ ਸਭ ਕਰਨ ਨਾਲ ਚੰਗੀ ਪਨੀਰੀ ਤਿਆਰ ਕਰ ਸਕਦੇ ਹਾਂ ਅਤੇ ਇਹ ਪਨੀਰੀ ਭੌਤਿਕ ਅਤੇ ਜੈਨੇਟਿਕ ਸ਼ੁੱਧਤਾ, ਕੀੜੇ ਮਕੌੜਿਆਂ ਅਤੇ ਬੀਮਾਰੀਆਂ ਦੇ ਹਮਲੇ ਤੋਂ ਰਹਿਤ, ਸਿਹਤਮੰਦ ਅਤੇ ਤਾਜ਼ਾ, ਗੂੜੇ ਹਰੇ ਰੰਗ ਦੇ ਪੱਤੇ ਅਤੇ ਇਕਸਾਰ ਬੂਟਿਆਂ ਦਾ ਵਾਧਾ, ਛੋਟੀ ਅਤੇ ਮੋਟੀ ਸ਼ਾਖਾ, ਚਿੱਟੀਆਂ ਅਤੇ ਲੰਮੀਆਂ ਜੜ੍ਹਾਂ ਅਤੇ ਤਣੇ ਅਤੇ ਜੜ੍ਹਾਂ ਦਾ ਬਰਾਬਰ ਵਿਕਾਸ ਹੋਵੇਗਾ।

**ਬੀਜ ਜੰਮਣ ਵਾਸਤੇ ਲੋੜੀਂਦਾ ਤਾਪਮਾਨ**

| ਫਸਲ | ਲੋੜੀਂਦਾ ਤਾਪਮਾਨ (ਸੈਲਸੀਅਸ) | ਗਰਮੀਆਂ ਦੇ ਮੌਸਮ ਪੁੰਗਰਣ ਲਈ ਲੋੜੀਂਦੇ (ਦਿਨ) | ਸਰਦੀਆਂ ਦੇ ਮੌਸਮ ਪੁੰਗਰਣ ਲਈ ਲੋੜੀਂਦੇ (ਦਿਨ) |
|---|---|---|---|
| ਟਮਾਟਰ | 18-27 | 6 | 9 |
| ਬੈਂਗਣ | 13-21 | 6 | 8 |
| ਕਰੇਲਾ | 20-25 | 5 | 9 |
| ਕੌੜੀ ਅਤੇ ਸ਼ਿਮਲਾ ਮਿਰਚ | 20-25 | 9 | 10 |
| ਕੱਦੂ ਜਾਤੀ | 18-28 | 3 | 5 |

**ਨਰਸਰੀ ਦੀਆਂ ਕੁੱਝ ਸਮੱਸਿਆਵਾਂ ਅਤੇ ਹੱਲ**

**ਉਖੇੜਾ ਰੋਗ** : ਇਹ ਬਿਮਾਰੀ



ਪਨੀਰੀਆਂ ਵਿਚ ਬਹੁਤ ਤੇਜ਼ੀ ਨਾਲ ਫੈਲਦੀ ਹੈ। ਇਸ ਬਿਮਾਰੀ ਨਾਲ ਮਿੱਟੀ ਨਾਲ ਮਿੱਟੀ ਦੇ ਉੱਪਰਲੇ ਤਣੇ ਤੇ ਰਿੰਗ ਜਾਂ ਕੱਟ ਬਣ ਜਾਂਦਾ ਹੈ ਅਤੇ ਤਣਾ ਮਾੜਾ ਹੋ ਜਾਂਦਾ ਹੈ ਜਿਸ ਕਰਕੇ ਬੂਟਾ ਮਰ ਜਾਂਦਾ ਹੈ। ਇਹ ਬਿਮਾਰੀ ਕਈ ਵਾਰ ਟਰੇਆਂ ਵਿਚ ਤਿਆਰ ਕੀਤੀਆਂ ਜਾ ਰਹੀਆਂ ਪਨੀਰੀਆਂ ਵਿਚ ਵੀ ਆ ਜਾਂਦੀ ਹੈ। ਇਸ ਤੋਂ ਬਚਾਅ ਲਈ ਬੀਜ ਨੂੰ 3 ਗ੍ਰਾਮ ਪ੍ਰਤੀ ਕਿਲੋ ਦੇ ਹਿਸਾਬ ਨਾਲ ਕੈਪਟਾਨ ਜਾਂ ਥੀਰਮ ਦਵਾਈ ਨਾਲ ਸੋਧ ਲਵੋ। ਪਨੀਰੀ ਉੱਗਣ ਤੋਂ 12 ਤੋਂ 15 ਦਿਨ ਬਾਅਦ ਐਲਿਟੇਟ ਜਾਂ ਰਿਡੋਮਿਲ ਗੋਲਡ ਅੱਧਾ ਗ੍ਰਾਮ ਪ੍ਰਤੀ ਲੀਟਰ ਦੇ ਹਿਸਾਬ ਨਾਲ ਜੜ੍ਹਾਂ ਨੂੰ ਗੜੁੱਚ ਕਰੋ।

ਪੀਲੇ ਅਤੇ ਨੀਲੇ ਰੰਗ ਦੇ ਕਾਰਡ ਦੀ ਵਰਤੋਂ ਕਰੋ। ਪੀਲੇ ਕਾਰਡ ਚਿੱਟੀ ਮੱਖੀ ਦੇ ਆਉਣ ਤੇ ਅਤੇ ਨੀਲੇ ਕਾਰਡ ਥਰਿੱਪ ਦੇ ਆਉਣ ਤੇ ਸੰਕੇਤ ਕਰੇਗੀ। ਰਸ ਚੂਸਣ ਵਾਲੇ ਕੀੜਿਆਂ ਦੀ ਰੋਕਥਾਮ ਲਈ ਇਮੀਡਾਕਲੋਪ੍ਰਿਡ ਅੱਧਾ ਮਿ. ਲੀ. ਪ੍ਰਤੀ ਲੀਟਰ ਦੇ ਹਿਸਾਬ ਨਾਲ ਜਾਂ ਐਕਟਾਰਾ ਅੱਧਾ ਗ੍ਰਾਮ ਪ੍ਰਤੀ ਲਿਟਰ ਦੇ ਹਿਸਾਬ ਨਾਲ ਦਵਾਈ ਦਾ ਛਿੜਕਾਅ ਕਰੋ।

## ਘਰ ਅੰਦਰਲੇ ਪੌਦੇ



ਅੰਦਰੂਨੀ ਪੌਦਿਆਂ ਦੀ ਸਾਂਭ-ਸੰਭਾਲ ਨਾ ਸਿਰਫ ਤੁਹਾਡੀ ਰਹਿਣ ਵਾਲੀ ਥਾਂ ਦੀ ਸੁੰਦਰਤਾ ਨੂੰ ਵਧਾਉਂਦੀ ਹੈ ਬਲਕਿ ਤੁਹਾਡੇ ਘਰ ਦੀ ਹਵਾ ਦੀ ਗੁਣਵੱਤਾ ਅਤੇ ਸਮੁੱਚੀ ਤੰਦਰੁਸਤੀ ਨੂੰ ਵੀ ਸੁਧਾਰਦੀ ਹੈ। ਇਹ ਯਕੀਨੀ ਬਣਾਉਣ ਲਈ ਕਿ ਤੁਹਾਡੇ ਅੰਦਰੂਨੀ ਪੌਦੇ ਵਧਦੇ-ਫੁਲਦੇ ਹਨ ਅਤੇ ਸਿਹਤਮੰਦ ਰਹਿੰਦੇ ਹਨ, ਧਿਆਨ ਵਿਚ ਰੱਖਣ ਲਈ ਕੁਝ ਜ਼ਰੂਰੀ ਸੁਝਾਅ ਹਨ। ਸਭ ਤੋਂ ਪਹਿਲਾਂ, ਤੁਹਾਡੇ ਪੌਦਿਆਂ ਲਈ ਢੁੱਕਵੀਂ ਧੁੱਪ ਜਾਂ ਨਕਲੀ ਰੋਸ਼ਨੀ ਪ੍ਰਦਾਨ ਕਰਨਾ ਬਹੁਤ ਜ਼ਰੂਰੀ ਹੈ, ਕਿਉਂਕਿ ਉਨ੍ਹਾਂ ਨੂੰ ਪ੍ਰਕਾਸ਼ ਸੰਸਲੇਸ਼ਣ ਲਈ ਰੋਸ਼ਨੀ ਦੀ ਲੋੜ ਹੁੰਦੀ ਹੈ। ਪੌਦਿਆਂ ਨੂੰ ਖਿੜਕੀਆਂ ਦੇ ਨੇੜੇ ਰੱਖੋ, ਜਿੱਥੇ ਉਹ ਅਸਿੱਧੇ ਸੂਰਜ ਦੀ ਰੋਸ਼ਨੀ ਪ੍ਰਾਪਤ ਕਰ ਸਕਦੇ ਹਨ ਜਾਂ ਜੇ ਕੁਦਰਤੀ ਰੋਸ਼ਨੀ ਸੀਮਤ ਹੈ ਤਾਂ ਲਾਈਟਾਂ ਦੀ ਵਰਤੋਂ ਕਰੋ। ਸੰਤੁਲਨ ਬਣਾਉਣਾ ਮਹੱਤਵਪੂਰਨ ਹੈ, ਕਿਉਂਕਿ ਬਹੁਤ ਜ਼ਿਆਦਾ ਸਿੱਧੀ ਧੁੱਪ ਪੌਦਿਆਂ ਦੀਆਂ ਕੁਝ ਕਿਸਮਾਂ ਨੂੰ ਨੁਕਸਾਨ ਪਹੁੰਚਾ ਸਕਦੀ ਹੈ।

ਰੌਸ਼ਨੀ ਤੋਂ ਇਲਾਵਾ ਅੰਦਰੂਨੀ ਪੌਦਿਆਂ ਨੂੰ ਸਿਹਤਮੰਦ ਰੱਖਣ ਲਈ ਸਹੀ ਪਾਣੀ ਦੇਣਾ ਮਹੱਤਵਪੂਰਨ ਹੈ। ਪੌਦੇ ਦੀ ਕਿਸਮ ਦੇ ਆਧਾਰ 'ਤੇ ਪਾਣੀ ਦੇਣ ਦੀ ਪ੍ਰਕਿਰਿਆ ਵੱਖਰੀ ਹੋ ਸਕਦੀ ਹੈ, ਇਸ ਲਈ ਹਰੇਕ ਪੌਦੇ ਦੀਆਂ ਖਾਸ ਲੋੜਾਂ ਨੂੰ ਸਮਝਣਾ ਜ਼ਰੂਰੀ ਹੈ। ਜ਼ਿਆਦਾ ਪਾਣੀ ਦੇਣ ਨਾਲ ਜੜ੍ਹਾਂ ਦੀ ਸੜਨ ਅਤੇ ਹੋਰ ਬਿਮਾਰੀਆਂ ਹੋ ਸਕਦੀਆਂ ਹਨ, ਜਦੋਂ ਕਿ ਘੱਟ ਪਾਣੀ ਦੇਣ ਨਾਲ ਪੌਦੇ ਮੁਰਝਾ ਸਕਦੇ ਹਨ ਅਤੇ ਮਰ ਸਕਦੇ ਹਨ। ਇਕ ਆਮ ਨਿਯਮ ਹੈ ਕਿ ਮਿੱਟੀ 'ਚ ਇਕ ਇੰਚ ਡੂੰਘੀ ਆਪਣੀ ਉਂਗਲੀ ਨੂੰ ਚਿਪਕ ਕੇ ਪਾਣੀ ਦੇਣ ਤੋਂ ਪਹਿਲਾਂ ਮਿੱਟੀ ਦੇ ਨਮੀਂ ਦੇ ਪੱਧਰ ਦੀ ਜਾਂਚ ਕਰਨਾ ਹੈ। ਜੇ ਇਹ ਖੁਸ਼ਕ ਮਹਿਸੂਸ ਕਰਦਾ ਹੈ ਤਾਂ ਇਹ ਪਾਣੀ ਦੇਣ ਦਾ ਸਮਾਂ ਹੈ। ਹਾਲਾਂਕਿ, ਇਹ ਯਕੀਨੀ ਬਣਾਓ ਕਿ ਪੌਦਿਆਂ ਨੂੰ ਖੜ੍ਹੇ ਪਾਣੀ 'ਚ ਨਾ ਰਹਿਣ ਦਿਓ, ਕਿਉਂਕਿ ਇਸ ਨਾਲ ਜੜ੍ਹਾਂ ਦੀਆਂ ਸਮੱਸਿਆਵਾਂ ਹੋ ਸਕਦੀਆਂ ਹਨ।

ਅੰਦਰੂਨੀ ਪੌਦਿਆਂ ਦੀ ਸਿਹਤ ਲਈ ਇਕ ਢੁੱਕਵਾਂ ਤਾਪਮਾਨ ਅਤੇ ਨਮੀਂ ਦੇ ਪੱਧਰ ਨੂੰ ਬਣਾਈ ਰੱਖਣਾ ਮਹੱਤਵਪੂਰਨ ਹੈ। ਜ਼ਿਆਦਾਤਰ ਇਨਡੋਰ (ਘਰ ਦੇ ਅੰਤਰ ਰੱਖਣ ਵਾਲੇ ਪੌਦੇ) ਪੌਦੇ 65-75 ਡਿਗਰੀ ਫਾਰਨਹੀਟ (18-24 ਡਿਗਰੀ ਸੈਲਸੀਅਸ) ਦੇ ਵਿਚਕਾਰ ਤਾਪਮਾਨ 'ਚ ਵਧਦੇ-ਫੁੱਲਦੇ ਹਨ, ਪਰ ਹਰੇਕ ਪੌਦੇ ਦੀਆਂ ਖਾਸ ਤਾਪਮਾਨ ਤਰਜੀਹਾਂ ਦੀ ਖੋਜ ਕਰਨਾ ਮਹੱਤਵਪੂਰਨ ਹੈ। ਇਸ ਤੋਂ ਇਲਾਵਾ ਅੰਦਰੂਨੀ ਪੌਦੇ ਆਮ ਤੌਰ 'ਤੇ ਉੱਚ ਨਮੀਂ ਦੇ ਪੱਧਰਾਂ ਨੂੰ ਤਰਜੀਹ ਦਿੰਦੇ ਹਨ, ਜਿਸ ਨੂੰ ਵੱਖ-ਵੱਖ ਤਰੀਕਿਆਂ ਨਾਲ ਪ੍ਰਾਪਤ ਕੀਤਾ ਜਾ ਸਕਦਾ ਹੈ। ਪੌਦਿਆਂ ਦੇ ਨੇੜੇ ਪਾਣੀ ਦੀ ਟ੍ਰੇਅ ਰੱਖਣ ਜਾਂ ਹਿਊਮਿਡੀਫਾਇਰ ਦੀ ਵਰਤੋਂ ਕਰਨ ਨਾਲ ਨਮੀਂ ਵਧਾਉਣ 'ਚ ਮਦਦ ਮਿਲ ਸਕਦੀ ਹੈ। ਹਾਲਾਂਕਿ ਬਹੁਤ ਜ਼ਿਆਦਾ ਨਮੀਂ ਨਾ ਬਣਾਉਣ ਲਈ ਸਾਵਧਾਨ ਰਹੋ, ਕਿਉਂਕਿ ਇਸ ਨਾਲ ਫੰਗਲ ਬਿਮਾਰੀਆਂ ਹੋ ਸਕਦੀਆਂ ਹਨ। ਪੌਦਿਆਂ ਨੂੰ ਨਿਯਮਤ ਤੌਰ 'ਤੇ ਘੁਮ ਪਾਉਣ ਨਾਲ ਉਨ੍ਹਾਂ ਨੂੰ ਰੌਸ਼ਨੀ ਨੂੰ ਜਜ਼ਬ ਕਰਨ ਅਤੇ ਸਿਹਤਮੰਦ ਸਾਹ ਲੈਣ 'ਚ ਮਦਦ ਮਿਲਦੀ ਹੈ।

ਸਿੱਟੇ ਵਜੋਂ, ਸੂਰਜ ਦੀ ਰੌਸ਼ਨੀ ਜਾਂ ਨਕਲੀ ਰੋਸ਼ਨੀ ਦੀ ਸਹੀ ਮਾਤਰਾ ਪ੍ਰਦਾਨ ਕਰਨਾ, ਸਹੀ ਪਾਣੀ ਪਿਲਾਉਣ ਦੀਆਂ ਤਕਨੀਕਾਂ ਅਤੇ ਢੁੱਕਵੇਂ ਤਾਪਮਾਨ ਅਤੇ ਨਮੀਂ ਦੇ ਪੱਧਰਾਂ ਨੂੰ ਬਣਾਈ ਰੱਖਣਾ ਇਨਡੋਰ ਪੌਦਿਆਂ ਦੀ ਸਾਂਭ-ਸੰਭਾਲ ਲਈ ਜ਼ਰੂਰੀ ਹੈ। ਇਨ੍ਹਾਂ ਅਭਿਆਸਾਂ ਦੇ ਨਾਲ ਤੁਸੀਂ ਆਪਣੇ ਘਰ 'ਚ ਇਕ ਸਿਹਤਮੰਦ ਵਾਤਾਵਰਨ ਬਣਾਉਂਦੇ ਹੋਏ ਇਨਡੋਰ ਪੌਦਿਆਂ ਦੀ ਸੁੰਦਰਤਾ ਅਤੇ ਲਾਭਾਂ ਦਾ ਅਨੰਦ ਲੈਣ ਦੇ ਯੋਗ ਹੋਵੋਗੇ। ਤੁਹਾਡੇ ਕੋਲ ਮੌਜੂਦ ਹਰੇਕ ਪੌਦੇ ਦੀਆਂ ਕਿਸਮਾਂ ਦੀਆਂ ਖਾਸ ਲੋੜਾਂ ਦੀ ਖੋਜ ਕਰਨਾ ਯਾਦ ਰੱਖੋ, ਕਿਉਂਕਿ ਉਨ੍ਹਾਂ ਦੀਆਂ ਲੋੜਾਂ ਵੱਖੋ-ਵੱਖਰੀਆਂ ਹੋ ਸਕਦੀਆਂ ਹਨ।

**ਜਨਮੇਜਾ ਸਿੰਘ ਜੌਹਲ,**
**ਮੋਬਾਈਲ : 98159-45018**

# ਸੁਰੱਖਿਅਤ ਖੇਤੀ ਦੇ ਵੱਖ-ਵੱਖ ਢਾਂਚੇ

ਸੁਰੱਖਿਅਤ ਖੇਤੀ ਨੂੰ ਅਕਸਰ ਨਿਯੰਤਰਿਤ ਵਾਤਾਵਰਣ ਖੇਤੀ ਵਜੋਂ ਵੀ ਜਾਣਿਆ ਜਾਂਦਾ ਹੈ। ਜਿੱਥੇ ਫਸਲਾਂ ਇੱਕ ਬੰਦ ਜਾਂ ਨਿਯੰਤਰਿਤ ਵਾਤਾਵਰਣ ਵਿੱਚ ਉਗਾਈਆਂ ਜਾਂਦੀਆਂ ਹਨ ਤਾਂ ਕਿ ਫਸਲਾਂ ਨੂੰ ਪ੍ਰਤੀਕੂਲ ਵਾਤਾਵਰਣ ਤੋਂ ਬਚਾਇਆ ਜਾ ਸਕੇ।

**ਵੱਖ-ਵੱਖ ਤਰ੍ਹਾਂ ਦੇ ਸੁਰੱਖਿਅਤ ਖੇਤੀ ਦੇ ਢਾਂਚੇ ਵਿਕਸਿਤ ਕੀਤੇ ਗਏ ਹਨ :**

**1. ਪੱਖਾ ਪੈਡ ਰਾਹੀਂ ਠੰਡਾ ਪੌਲੀ-ਹਾਊਸ**

★ ਇਸ ਪੌਲੀ-ਹਾਊਸ ਵਿੱਚ ਵਾਤਾਵਰਣ ਨੂੰ ਪੱਖੇ ਅਤੇ ਪੈਡ ਨਾਲ ਨਿਯੰਤਰਣ ਵਿਚ ਰੱਖਿਆ ਜਾ ਸਕਦਾ ਹੈ। ਜਦੋਂ ਗਰਮ ਹਵਾ ਪਾਣੀ ਵਾਲੇ, ਪੈਡ ਵਿੱਚੋਂ ਗੁਜ਼ਰਦੀ ਹੈ ਉਹ ਹਵਾ ਨਮੀਂ ਲੈ ਕੇ ਠੰਢੀ ਹੋ ਜਾਂਦੀ ਹੈ। ਪੱਖੇ ਦੇ ਚੱਲਣ ਨਾਲ ਗਰਮ ਹਵਾ ਪੌਲੀ-ਹਾਊਸ ਵਿੱਚੋਂ ਬਾਹਰ ਜਾਂਦੀ ਹੈ। ਇਸ ਤਰੀਕੇ ਨਾਲ ਪੌਲੀ-ਹਾਊਸ ਵਿੱਚ ਤਾਪਮਾਨ ਨਿਯੰਤਰਣ ਕੀਤਾ ਜਾ ਸਕਦਾ ਹੈ।

★ ਇਸ ਤਰ੍ਹਾਂ ਦੇ ਪੌਲੀ-ਹਾਊਸ ਵਿੱਚ ਨਰਸਰੀ, ਵਿਦੇਸ਼ੀ ਸਬਜ਼ੀ ਅਤੇ ਫੁੱਲਾਂ ਦੀ ਖੇਤੀ ਕੀਤੀ ਜਾ ਸਕਦੀ ਹੈ।

★ ਇਸ ਪੌਲੀ-ਹਾਊਸ ਨੂੰ ਚਲਾਉਣ ਦਾ ਖਰਚਾ ਵੱਧ ਹੈ ਕਿਉਕਿ ਇਸ ਵਿਚ ਬਿਜਲੀ ਨਾਲ ਪੱਖਾ ਚੱਲਦਾ ਹੈ।

★ ਇਸ ਪੌਲੀ-ਹਾਊਸ ਨੂੰ ਬਣਾਉਣ ਦਾ ਖਰਚਾ ਲਗਭਗ 1400-1600



ਰੁਪਏ ਪ੍ਰਤੀ ਵਰਗ ਮੀਟਰ ਹੈ।

**2. ਕੁਦਰਤੀ ਤੌਰ ਤੇ ਹਵਾਦਾਰ ਪੌਲੀ-ਹਾਊਸ**

★ ਇਸ ਤਰ੍ਹਾਂ ਦੇ ਪੌਲੀ-ਹਾਊਸ ਵਿਚ ਗਰਮ ਹਵਾ ਉੱਪਰ ਲੱਗੇ ਰੌਸ਼ਨਦਾਨ ਵਿੱਚੋਂ ਬਾਹਰ ਹੋ ਜਾਂਦੀ ਹੈ ਅਤੇ ਠੰਡੀ ਹਵਾ ਦੋਹੇ ਪਾਸੇ ਲੱਗੀ ਜਾਲੀ ਵਿੱਚੋਂ ਅੰਦਰ ਆ ਜਾਂਦੀ ਹੈ।

★ ਉੱਪਰ ਬਣਾਇਆ ਰੌਸ਼ਨਦਾਨ ਹਵਾ ਦੇ ਵਟਾਦਰੇ ਲਈ ਕੰਮ ਕਰਦਾ ਹੈ।

★ ਛਾਂ ਵਾਲੀ ਸ਼ੀਟ ਜਾਂ ਫੌਗਰਸ ਲਗਾ ਕੇ ਪੌਲੀ-ਹਾਊਸ ਦੇ ਅੰਦਰ ਦੇ ਵਾਤਾਵਰਣ ਨੂੰ ਨਿਯੰਤਰਿਤ ਕੀਤਾ ਜਾ ਸਕਦਾ ਹੈ। ਦੋਵੇਂ ਪਾਸੇ ਲੱਗੀ ਜਾਲੀ ਦੇ ਕਵਰ ਨੂੰ ਲੋੜ ਅਨੁਸਾਰ ਬੰਦ ਜਾਂ ਖੋਲ੍ਹ ਕੇ ਵੀ ਹਵਾ ਦੀ ਸਰਕੂਲੇਸ਼ਨ ਕੀਤੀ ਜਾ ਸਕਦੀ ਹੈ।

★ ਇਸ ਦੀ ਉਚਾਈ ਤਕਰੀਬਨ 5-6 ਮੀਟਰ ਹੁੰਦੀ ਹੈ।

★ ਇਸ ਵਿਚ ਅਸੀਂ ਵੱਖ-ਵੱਖ ਸਬਜ਼ੀਆਂ ਅਤੇ ਫੁੱਲਾਂ ਦੀ ਕਾਸ਼ਤ ਕਰ ਸਕਦੇ ਹਾਂ।

★ ਇਸ ਪੌਲੀ-ਹਾਊਸ ਵਿਚ ਬਿਜਲੀ ਦੀ ਖਪਤ ਪਾਣੀ/ਖਾਦ ਦੇਣ ਲਈ ਜਾਂ ਫੋਰ ਫੌਗਰ ਚਲਾਉਣ ਲਈ ਕੀਤੀ ਜਾਂਦੀ ਹੈ।

★ ਇਸ ਪੌਲੀ-ਹਾਊਸ ਨੂੰ ਬਣਾਉਣ ਦਾ ਖਰਚਾ ਲਗਭਗ 844-1060 ਰੁਪਏ ਪ੍ਰਤੀ ਵਰਗ ਮੀਟਰ ਹੈ।

**3. ਪੌਲੀਨੈੱਟ-ਹਾਊਸ**

★ ਇਸ ਦਾ ਢਾਂਚਾ ਗੈਲਵੇਨਾਈਜ਼ਡ ਲੋਹੇ ਦੀਆਂ ਪਾਈਪਾਂ ਨਾਲ ਬਣਾਇਆ ਹੁੰਦਾ ਹੈ।

★ ਇਸ ਦੀ ਛੱਤ ਉੱਪਰ 200-ਮਾਈਕਰੋਨ ਦੀ ਪਲਾਸਟਿਕ ਸ਼ੀਟ ਅਤੇ ਦੋਹੇ ਪਾਸੇ 40-ਜਾਲ ਦੇ ਆਕਾਰ ਨਾਲ ਢੱਕਿਆ ਜਾਂਦਾ ਹੈ।

★ ਇਸ ਪੌਲੀ-ਹਾਊਸ ਦਾ ਡਿਜ਼ਾਇਨ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੇ ਸਿਫਾਰਿਸ਼ ਕੀਤਾ ਹੈ।

★ ਇਸ ਪੌਲੀ-ਹਾਊਸ ਦੀ ਬਣਤਰ ਬੜੀ ਸਥਿਰ ਹੈ ਅਤੇ ਇਹ 100 ਕਿਲੋਮੀਟਰ ਪ੍ਰਤੀ ਘੰਟੇ ਦੀਆਂ ਹਵਾਵਾਂ ਦਾ ਸਾਹਮਣਾ ਕਰਨ ਵਿਚ ਸਮਰੱਥ ਹੈ।

★ ਇਸ ਪੌਲੀ-ਹਾਊਸ ਦੀ ਵਿਚਕਾਰੋਂ ਉਚਾਈ 3 ਮੀਟਰ ਅਤੇ ਪਾਸਿਆਂ ਤੋਂ 2 ਮੀਟਰ ਹੁੰਦੀ ਹੈ।

★ ਇਸ ਨੂੰ ਬਣਾਉਣ ਦਾ ਖਰਚਾ 400 ਰੁਪਏ ਪ੍ਰਤੀ ਵਰਗ ਮੀਟਰ ਹੈ।

**4. ਵਾਕ ਇਨ ਟਨਲ/ਸੁਰੰਗ**

★ ਚੱਲਣ ਵਾਲੀ ਸੁਰੰਗ ਗੈਲਵਾਨਾਇਜਡ ਲੋਹੇ ਦੀਆਂ ਪਾਈਪਾਂ ਨਾਲ ਬਣਦਾ ਹੈ।

★ ਇਸ ਦੀ ਵਿਚਕਾਰੋਂ ਉੱਚਾਈ 3.5-4.0 ਮੀਟਰ ਹੁੰਦੀ ਹੈ, ਇਸ ਨੂੰ 200 ਮਾਈਕਰੋਨ ਸ਼ੀਟ ਨਾਲ ਢੱਕਿਆ ਜਾਂਦਾ ਹੈ।

★ ਦੋਹੇਂ ਪਾਸੇ ਲੱਗੀ ਜਾਲੀ ਨੂੰ ਢੱਕ ਕੇ ਜਾਂ ਨਾ ਢੱਕ ਕੇ ਤਾਪਮਾਨ ਨੂੰ ਨਿਯੰਤਰਣ ਕੀਤਾ ਜਾਂਦਾ ਹੈ।

★ ਇਸ ਵਿਚ ਸਬਜ਼ੀਆਂ ਅਤੇ ਫੁੱਲਾਂ ਦੀ ਕਾਸ਼ਤ ਕੀਤੀ ਜਾ ਸਕਦੀ ਹੈ।

★ ਇਸ ਦਾ ਆਕਾਰ ਲਗਭਗ 250-600 ਵਰਗ ਮੀਟਰ ਤੱਕ ਰੱਖਿਆ ਜਾ ਸਕਦਾ ਹੈ ਅਤੇ ਇਸ ਨੂੰ ਬਣਾਉਣ ਦਾ ਖਰਚਾ ਲਗਭਗ 600 ਰੁਪਏ ਪ੍ਰਤੀ ਵਰਗਮੀਟਰ ਹੈ।

**5. ਛੋਟੀ ਸੁਰੰਗ**

★ ਛੋਟੀ ਸੁਰੰਗ ਪੌਲੀ-ਹਾਊਸ ਦਾ ਛੋਟਾ ਰੂਪ ਹੈ, ਜਿਸ ਵਿਚ 50 ਮਾਈਕਰੋਨ ਦੀ ਪੌਲੀ ਸ਼ੀਟ ਦੀ ਵਰਤੋਂ ਨਾਲ ਹੂਪ ਨੂੰ ਢੱਕਿਆ ਜਾਂਦਾ ਹੈ।


★ ਛੋਟੀ ਸੁਰੰਗ ਦੀ ਵਰਤੋਂ ਸਰਦੀ ਦੀ ਰੁੱਤ ਵਿਚ ਸਬਜ਼ੀਆਂ ਨੂੰ ਕੋਹਰੇ ਤੋਂ ਬਚਾਉਣ ਦਾ ਕੰਮ ਕਰਦੀ ਹੈ।

★ ਇਸ ਦੀ ਵਰਤੋਂ ਨਾਲ ਸਬਜ਼ੀਆਂ ਦੇ ਆਲੇ-ਦੁਆਲੇ ਦਾ ਤਾਪਮਾਨ 6-200 ਸੈਲਸੀਅਸ ਤੱਕ ਵੱਧ ਜਾਂਦਾ ਹੈ।

★ ਛੋਟੀ ਸੁਰੰਗ ਦੀ ਵਿਚਕਾਰੋਂ ਉੱਚਾਈ 2 ਫੁੱਟ ਹੁੰਦੀ ਹੈ ਅਤੇ ਇਸ ਨੂੰ ਬਣਾਉਣ ਦਾ ਖਰਚਾ ਲਗਭਗ 50 ਰੁਪਏ ਪ੍ਰਤੀ ਵਰਗ ਮੀਟਰ ਆਉਂਦਾ ਹੈ।

**ਰਾਕੇਸ਼ ਸ਼ਾਰਦਾ, ਅਮੀਨਾ ਰਹੇਜਾ ਅਤੇ ਜੁਗਰਾਜ ਸਿੰਘ (ਮੋ. 98555-45189)**

# ਫਲਾਂ ਦੀ ਕਾਸ਼ਤ ਲਈ ਤਕਨੀਕੀ ਜਾਣਕਾਰੀ ਦੀ ਲੋੜ



ਭਗਵਾਨ ਦਾਸ

ਅੱਜਕਲ੍ਹ ਪੱਤਝੜੀ ਫਲਦਾਰ ਬੂਟਿਆਂ ਦੇ ਪੱਤੇ ਝੜ ਰਹੇ ਹਨ। ਇਹਨਾਂ ਦਰੱਖਤਾਂ/ਬੂਟਿਆਂ ਦੇ ਪੱਤੇ ਇਸ ਮਹੀਨੇ ਝੜ ਜਾਣਗੇ। ਇਨ੍ਹਾਂ ਬੂਟਿਆਂ ਜਾਂ ਦਰੱਖਤਾਂ ਦੇ ਪੱਤੇ ਝੜਣ ਕਾਰਨ ਉਨ੍ਹਾਂ ਉੱਪਰ ਕੋਈ ਠੰਢ ਦਾ ਵਿਪਰੀਤ ਅਸਰ ਨਹੀਂ ਪੈਂਦਾ। ਇਨ੍ਹਾਂ ਬੂਟਿਆਂ ਨੂੰ ਖਾਦ ਪਾਉਣ ਦਾ ਵੀ ਇਹੋ ਯੋਗ ਸਮਾਂ ਹੈ। ਜੇ ਦਸੰਬਰ 'ਚ ਖਾਦ ਨਾ ਪਾਇਆ ਹੋਵੇ ਤਾਂ ਇਸ ਮਹੀਨੇ ਖਾਦ ਪਾ ਦੇਣਾ ਚਾਹੀਦਾ ਹੈ। ਇਨ੍ਹਾਂ ਪੱਤਝੜੀ ਫਲਾਂ ਦੇ ਬੂਟਿਆਂ ਨੂੰ ਦੇਸੀ ਰੂੜੀ ਖਾਦ ਅਤੇ ਦੂਜੇ ਸਿਫਾਰਸ਼ ਕੀਤੇ ਗਏ ਸਿਫਾਰਸ਼ ਕੀਤੇ ਗਏ ਸੁਪਰਫਾਸਫੇਟ ਅਤੇ ਮਿਊਰੀਏਟ ਆਫ ਪੋਟਾਸ਼ (ਐਮ. ਓ. ਪੀ.) ਖਾਦ ਇਸੇ ਮਹੀਨੇ ਪਾ ਦੇਣੇ ਚਾਹੀਦੇ ਹਨ। ਪਿਉਂਦੀ ਨਾਖ ਦੀਆਂ ਹਾਰਡ ਪੀਅਰ ਕਿਸਮਾਂ ਜਿਨ੍ਹਾਂ 'ਚ ਪੰਜਾਬ ਨਾਖ ਅਤੇ ਪੱਥਰ ਨਾਖ ਸ਼ਾਮਿਲ ਹਨ, ਨੂੰ ਵੀ ਇਸ ਮਹੀਨੇ ਲਗਾ ਦੇਣਾ ਚਾਹੀਦਾ ਹੈ। ਪੰਜਾਬ ਗੋਲਡ, ਪੰਜਾਬ ਨੈਕਟਰ, ਪੰਜਾਬ ਬਿਊਟੀ ਤੇ ਬੱਗੂ ਗੋਸ਼ਾ ਜਿਹੀਆਂ ਸਾਫਟ ਪੀਅਰ ਕਿਸਮਾਂ ਨੂੰ ਵੀ ਲਗਾਉਣ ਲਈ ਇਹੋ ਮਹੀਨਾ ਸਿਫਾਰਸ਼ ਕੀਤਾ ਗਿਆ ਹੈ। ਹਾਰਡ ਪੀਅਰ ਕਿਸਮਾਂ ਦਾ ਬੂਟੇ ਤੋਂ ਬੂਟਾ ਅਤੇ ਲਾਈਨ ਤੋਂ ਲਾਈਨ ਦਾ ਫਾਸਲਾ ਘਟਾ ਕੇ 20'×20' ਰੱਖਿਆ ਜਾ ਸਕਦਾ ਹੈ। ਪਿਉਂਦੀ ਆੜੂ ਦੀਆਂ ਸ਼ਾਨ ਏ ਪੰਜਾਬ, ਅਰਲੀ ਗਰੈਂਡ, ਫਲੋਰਡਾ ਪ੍ਰਿੰਸ ਅਤੇ ਪ੍ਰਤਾਪ ਕਿਸਮਾਂ ਵੀ ਜਨਵਰੀ-ਫਰਵਰੀ ਦੇ ਮਹੀਨੇ ਲਗਦੀਆਂ ਹਨ। ਅੰਗੂਰ ਦੀਆਂ ਸੁਪੀਰੀਅਰ ਸੀਡਲੈੱਸ, ਫਲੇਮ ਸੀਡਲੈੱਸ, ਬਿਊਟੀ ਸੀਡਲੈਸ ਤੇ ਪਰਲਿਟ ਕਿਸਮਾਂ ਲਗਾਉਣ ਲਈ ਵੀ ਇਹੋ ਮਹੀਨਾ ਠੀਕ ਹੈ। ਆਲੂ ਬੁਖਾਰੇ ਦੀਆਂ ਸਤਲੁਜ ਪਰਪਲ ਅਤੇ ਕਾਲਾ ਅੰਮ੍ਰਿਤਸਰੀ ਕਿਸਮਾਂ ਇਸੇ ਮਹੀਨੇ ਲਗਦੀਆਂ ਹਨ। ਸਤਲੁਜ ਪਰਪਲ ਕਿਸਮ



ਦਾ ਫਲ ਵੱਡੇ ਆਕਾਰ ਦਾ ਹੁੰਦਾ ਹੈ। ਪਰ ਇਸ ਇਕੱਲੀ ਵਰਾਇਟੀ ਨੂੰ ਫਲ ਨਹੀਂ ਲਗਦਾ। ਇਸ ਲਈ 85:15 ਅਨੁਪਾਤ ਵਿਚ ਸਤਲੁਜ ਪਰਪਲ ਅਤੇ ਕਾਲਾ ਅੰਮ੍ਰਿਤਸਰੀ ਕਿਸਮਾਂ ਦੇ ਬੂਟੇ ਲਗਾਉਣੇ ਚਾਹੀਦੇ ਹਨ। ਕਾਲਾ ਅੰਮ੍ਰਿਤਸਰੀ ਕਿਸਮ ਦੇ ਫਲ ਦਾ ਆਕਾਰ ਛੋਟਾ ਹੁੰਦਾ ਹੈ। ਅਨਾਰ ਦੀਆਂ ਗਨੇਸ਼, ਕੰਧਾਰੀ ਤੇ ਭਗਵਾਂ ਕਿਸਮਾਂ ਦੀ ਇਨ੍ਹਾਂ ਦੋ ਮਹੀਨਿਆਂ ਦੇ ਅੰਦਰ-ਅੰਦਰ ਲਗਾਈਆਂ ਜਾਂਦੀਆਂ ਹਨ। ਅਨਾਰ ਦੇ ਬੂਟੇ ਨੂੰ ਝਾੜੀ ਨਹੀਂ ਬਣਨ ਦੇਣਾ ਚਾਹੀਦਾ। ਸਿੰਗਲ ਤਣੇ 'ਤੇ ਹੀ ਰੱਖਣਾ ਚਾਹੀਦਾ ਹੈ। ਫਾਲਸਾ ਲਗਾਉਣਾ ਲਈ ਵੀ ਇਹੋ ਸਮਾਂ ਅਨੁਕੂਲ ਹੈ। ਅੰਜੀਰ ਜੋ ਇਕ ਬਹੁਤ ਸਿਹਤਮੰਦ ਫਲ ਹੈ ਅਤੇ ਵਿਟਾਮਿਨ 'ਈ' ਦੇ ਲੋਹ ਕਣਾਂ ਨਾਲ ਭਰਪੂਰ ਹੈ, ਉਹ ਵੀ ਇਸੇ ਸਮੇਂ ਲਗਾਇਆ ਜਾਂਦਾ ਹੈ। ਇਸ ਫਲ ਨੂੰ ਸੁਪਰਫੀਡ ਮੰਨਿਆ ਗਿਆ ਹੈ; ਕਿਉਕਿ ਇਸ ਨੂੰ ਖਾਣ ਨਾਲ ਯੂਰਿਕ ਐਸਿਡ ਘਟ ਜਾਂਦਾ ਹੈ। ਇਸ 'ਚ ਫਾਈਬਰ ਹੋਣ ਕਾਰਨ ਕਬਜ਼ ਠੀਕ ਹੋ ਜਾਂਦੀ ਹੈ। ਕੈਲਸ਼ੀਅਮ ਅਤੇ ਫਾਸਫੋਰਸ ਕਾਰਨ ਇਹ ਫਲ ਹੱਡੀਆਂ ਵੀ ਦਰੁਸਤ ਰੱਖਦਾ ਹੈ। ਸ਼ੱਕਰ ਰੋਗੀਆਂ ਲਈ ਵੀ ਅੰਜੀਰ ਫਾਇਦੇਮੰਦ ਹੈ। ਇਸ ਨੂੰ ਸਹੀ ਤਰੀਕੇ ਨਾਲ ਖਾਣ ਨਾਲ ਇਸ ਵਿਚਲੇ ਫਾਈਬਰ ਕਾਰਨ ਇਹ ਫਲ ਭਾਰ ਕਾਬੂ ਰੱਖਣ 'ਚ ਵੀ ਸਾਕਾਰਾਤਮਿਕ ਸਾਬਿਤ ਹੁੰਦਾ ਹੈ। ਇਹ ਫਲ ਮਈ-ਜੂਨ ਦੇ ਮਹੀਨੇ ਪੱਕ ਜਾਂਦਾ ਹੈ।

ਬਾਗਬਾਨੀ ਵਿਭਾਗ ਦੇ ਸੇਵਾ ਮੁਕਤ



ਡਿਪਟੀ ਡਾਇਰੈਕਟਰ ਡਾ. ਸਵਰਨ ਸਿੰਘ ਮਾਨ ਕਹਿੰਦੇ ਹਨ ਕਿ ਪੰਜਾਬ ਦੇ ਵਾਤਾਵਰਨ 'ਚ ਅਨਾਰ ਦਾ ਫਲ ਬੜੀ ਸਫਲਤਾ ਨਾਲ ਲਗਾਇਆ ਜਾ ਸਕਦਾ ਹੈ। ਇਸ ਦੇ ਬੂਟੇ ਨੂੰ ਅੱਜਕਲ੍ਹ 5 ਤੋਂ 6 ਕਿਲੋ ਚੰਗੀ ਰੂੜੀ ਖਾਦ ਪਾ ਦੇਣੀ ਚਾਹੀਦੀ ਹੈ। ਪੀ. ਏ. ਯੂ. ਤੋਂ ਸਨਮਾਨਿਤ ਅਗਾਂਹਵਧੂ ਕਿਸਾਨ ਬਲਬੀਰ ਸਿੰਘ ਜੜ੍ਹੀਆ ਧਰਮਗੜ੍ਹ-ਅਮਲੋਹ (ਫਤਿਹਗੜ੍ਹ ਸਾਹਿਬ) ਕਹਿੰਦਾ ਹੈ ਕਿ ਉਹ ਆਪਣੀ ਬਗੀਚੀ 'ਚ ਲਗਾਏ ਅਨਾਰਾਂ ਦੇ ਬੂਟਿਆਂ ਤੋਂ ਘਰ ਦੇ ਸਾਰੇ ਮੈਂਬਰਾਂ ਲਈ ਮਤਵਾਤਰ ਅਨਾਰ ਵਰਤਦਾ ਰਿਹਾ ਹੈ। ਬਾਗਬਾਨਾਂ ਨੂੰ ਅਨਾਰ ਬਹੁਤ ਹੀ ਲਾਹੇਵੰਦ ਫਲ ਰਹਿ ਸਕਦਾ ਹੈ। ਕੌਮੀ ਬਾਗਬਾਨੀ ਮਿਸ਼ਨ ਥੱਲੇ ਬਾਗਬਾਨੀ ਵਿਭਾਗ ਨਵੇਂ ਬਾਗ ਲਗਾਉਣ ਲਈ ਬਾਗਬਾਨਾਂ ਤੇ ਕਿਸਾਨਾਂ ਨੂੰ ਮਾਲੀ ਸਹਾਇਤਾ ਤੇ ਅਗਵਾਈ ਵੀ ਪ੍ਰਦਾਨ ਕਰਦਾ ਹੈ। ਬਹੁਤ ਸਾਰੇ ਖਪਤਕਾਰ ਅਤੇ ਬਾਗਬਾਨ ਇਹ ਸ਼ਿਕਾਇਤ ਕਰਦੇ ਹਨ ਕਿ ਉਹ ਫਲਾਂ ਦੇ ਬੂਟੇ ਲਗਾਉਂਦੇ ਹਨ, ਪਰ ਉਹ ਚਲਦੇ ਨਹੀਂ। ਉਨ੍ਹਾਂ ਨੂੰ ਇਨ੍ਹਾਂ ਬੂਟਿਆਂ ਤੋਂ ਫਲ ਦੀ ਪ੍ਰਾਪਤੀ ਦੱਸਣ ਅਨਸਾਰ ਨਹੀਂ ਹੁੰਦੀ। ਅਸਲ ਵਿਚ ਉਨ੍ਹਾਂ ਨੂੰ ਫਲਾਂ ਦੀ ਕਾਸ਼ਤ ਸੰਬੰਧੀ ਤਕਨੀਕੀ ਜਾਣਕਾਰੀ ਨਹੀਂ। ਫਲਦਾਰ ਬੂਟੇ ਲਗਾਉਣ ਸੰਬੰਧੀ ਉਨ੍ਹਾਂ ਨੂੰ ਬਾਗਬਾਨੀ ਵਿਭਾਗ ਜਾਂ ਪੰਜਾਬ ਖੇਤੀ ਯੂਨੀਵਰਸਿਟੀ ਦੇ ਸੰਬੰਧਿਤ ਵਿਭਾਗ ਤੋਂ ਅਗਵਾਈ ਲੈਣੀ ਚਾਹੀਦੀ ਹੈ ਅਤੇ ਉਨ੍ਹਾਂ ਨਾਲ ਸੰਪਰਕ ਰੱਖਣਾ ਚਾਹੀਦਾ ਹੈ। ਬਾਗ ਲਗਾਉਣ ਤੋਂ ਪਹਿਲਾਂ ਉਹ ਫਲਦਾਰ ਬੂਟਿਆਂ ਸੰਬੰਧੀ ਮੁੱਢਲੀ ਜਾਣਕਾਰੀ ਇਨ੍ਹਾਂ ਦੋ ਵਿਭਾਗਾਂ ਤੋਂ ਪ੍ਰਾਪਤ ਕਰਨ।

ਫਲਦਾਰ ਬੂਟਿਆਂ ਨੂੰ ਲਗਾਉਣ ਤੋਂ ਪਹਿਲਾਂ 2.5'×2.5' ਦਾ ਟੋਆ ਪੁੱਟਣ ਦੀ ਲੋੜ ਹੈ। ਫਿਰ ਇਸ 'ਚ ਗਲੀ ਸੜੀ ਗੋਹੇ ਦੀ ਖਾਦ (ਅੱਧੀ ਮਿੱਟੀ, ਅੱਧੀ ਖਾਦ) ਟੋਏ ਵਿਚ ਪਾ ਕੇ ਭਰ ਦੇਣਾ ਚਾਹੀਦਾ ਹੈ। ਵੱਤਰ ਆਉਣ ਤੋਂ ਬਾਅਦ ਬੂਟਾ ਲਗਾ ਦੇਣਾ ਚਾਹੀਦਾ ਹੈ। ਜ਼ਮੀਨ ਦੇ ਲੈਵਲ ਤੋਂ ਟੋਆ 2 ਫੁੱਟ ਡੂੰਘਾ ਹੋਣਾ ਚਾਹੀਦਾ ਹੈ, ਨਹੀਂ ਤਾਂ ਜ਼ਿਆਦਾ ਪਾਣੀ ਖੜ੍ਹਨ ਕਾਰਨ ਬੂਟੇ ਦੀਆਂ ਜੜ੍ਹਾਂ ਗਲ ਜਾਣਗੀਆਂ। ਬੂਟੇ ਪ੍ਰਮਾਣਿਤ ਨਰਸਰੀਆਂ, ਪੀ. ਏ. ਯੂ. ਜਾਂ ਬਾਗਬਾਨੀ ਵਿਭਾਗ ਤੋਂ ਲੈਣੇ ਚਾਹੀਦੇ ਹਨ। ਫੇਰੀ ਵਾਲਿਆਂ ਤੋਂ ਜਾਂ ਫਿਰ ਅਣਪ੍ਰਮਾਣਿਤ ਨਰਸਰੀਆਂ ਵਾਲਿਆਂ ਤੋਂ ਨਹੀਂ ਖਰੀਦਣੇ ਚਾਹੀਦੇ। ਬਾਗ ਲਗਾਉਣ 'ਚ ਬੜੀ ਮਿਹਨਤ ਦਰਕਾਰ ਹੈ। ਜੇ ਬੂਟੇ ਨਾ ਚੱਲਣ ਤਾਂ ਕਾਫੀ ਆਰਥਿਕ ਨੁਕਸਾਨ ਸਹਿਣਾ ਪੈਂਦਾ ਹੈ।

ਫਸਲੀ-ਵਿਭਿੰਨਤਾ 'ਚ ਅਤੇ ਸਿਹਤ ਪੱਖੋਂ ਫਲ ਲਗਾਉਣ ਦਾ ਵਿਸ਼ੇਸ਼ ਰੋਲ ਤੇ ਫਲਾਂ ਦੀ ਖਾਸ ਅਹਿਮੀਅਤ ਹੈ। ਪੰਜਾਬ 'ਚ ਤਕਰੀਬਨ 97000 ਹੈਕਟੇਅਰ ਰਕਬੇ 'ਤੇ ਫਲਾਂ ਦੀ ਕਾਸ਼ਤ ਕੀਤੀ ਜਾ ਰਹੀ ਹੈ। ਇਸ ਨੂੰ ਵਧਾਉਣ ਦੀ ਗੁੰਜਾਇਸ਼ ਹੈ। ਇਸ ਨਾਲ ਰੁਜ਼ਗਾਰ ਦਾ ਦਾਇਰਾ ਵਧੇਗਾ ਅਤੇ ਕਿਸਾਨਾਂ ਤੇ ਬਾਗਬਾਨਾਂ ਦੀ ਆਮਦਨ 'ਚ ਵਾਧਾ ਹੋਵੇਗਾ। ਸਿਹਤ ਦੇ ਪੱਖ ਤੋਂ ਫਲਾਂ ਤੋਂ ਇਨਸਾਨ ਨੂੰ ਲੋੜੀਂਦੇ ਵਿਟਾਮਿਨ, ਮਿਨਰਲ ਅਤੇ ਐਂਟੀ-ਆਕਸੀਡੈਂਟ ਮਿਲਦੇ ਹਨ। ਬਾਗਬਾਨਾਂ ਤੋਂ ਇਲਾਵਾ ਹਰ ਕਿਸਾਨ ਨੂੰ ਆਪਣੇ ਟਿਊਬਵੈੱਲ ਤੇ ਫਲਾਂ ਦੇ ਬੂਟੇ ਲਗਾਉਣੇ ਚਾਹੀਦੇ ਹਨ। ਫਲ ਅਤੇ ਮਹਿੰਗੇ ਹਨ ਅਤੇ ਕਈ ਵਾਰ ਮੰਡੀ 'ਚ ਮਸਾਲਿਆਂ ਨਾਲ ਪਕਾਏ ਹੋਏ ਮਿਲਦੇ ਹਨ, ਜੋ ਸਿਹਤ ਲਈ ਹਾਨੀਕਾਰਕ ਹਨ। ਹਰ ਕਿਸਾਨ ਨੂੰ ਆਪ ਉੱਗਾ ਕੇ ਫਲ ਖਾਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਖਪਤਕਾਰਾਂ ਨੂੰ ਆਪਣੇ ਘਰਾਂ 'ਚ ਛੋਟੀਆਂ-ਛੋਟੀਆਂ ਬਗੀਚੀਆਂ ਲਗਾ ਕੇ ਜ਼ਰੂਰੀ ਘਰ ਦੇ ਇਸਤੇਮਾਲ ਲਈ ਫਲ ਲਗਾ ਲੈਣੇ ਚਾਹੀਦੇ ਹਨ। ਫਲਾਂ ਦੇ ਬੂਟੇ ਲਗਾਉਣ ਤੋਂ ਪਹਿਲਾਂ ਉਨ੍ਹਾਂ ਦੀਆਂ ਕਿਸਮਾਂ ਬਾਰੇ ਮੁਢਲੀ ਜਾਣਕਾਰੀ ਮਾਹਿਰਾਂ ਤੋਂ ਜੇ ਪ੍ਰਾਪਤ ਕੀਤੀ ਜਾਵੇ ਤਾਂ ਬਿਹਤਰ ਹੋਵੇਗਾ। ਆਪਣੀਆਂ ਘਰੇਲੂ ਬਗੀਚੀਆਂ ਜਾਂ ਖੇਤਾਂ ਦੇ ਟਿਊਬਵੈੱਲਾਂ 'ਤੇ ਫਲਾਂ ਦੇ ਬੂਟੇ ਲਗਾ ਕੇ ਖਪਤਕਾਰ ਜ਼ਹਿਰ-ਰਹਿਤ ਫਲ ਵਰਤ ਕੇ ਨਾਮੁਰਾਦ ਬਿਮਾਰੀਆਂ ਤੋਂ ਬਚਣਗੇ ਅਤੇ ਉਨ੍ਹਾਂ ਨੂੰ ਪੌਸ਼ਟਿਕ ਤੱਤ ਪ੍ਰਾਪਤ ਹੋਣਗੇ। ਜਿਸਮਾਨੀ ਤੌਰ 'ਤੇ ਉਹ ਵਿਅਕਤੀ ਖੁਸ਼ਹਾਲ ਤੇ ਸਿਹਤਮੰਦ ਰਹਿਣਗੇ। ਘਰੇਲੂ ਬਗੀਚੀ 'ਤੇ ਟਿਊਬਵੈੱਲਾਂ 'ਤੇ ਫਲਾਂ ਦੇ ਬੂਟਿਆਂ ਸੰਬੰਧੀ ਕੰਮ ਕਰ ਕੇ ਉਹ ਵਿਹਲੇ ਸਮੇਂ ਦਾ ਉਪਯੋਗ ਸੁਚਾਰੂ ਢੰਗ ਨਾਲ ਕਰ ਸਕਣਗੇ। ਫਲਾਂ ਦੀ ਤਾਂ ਔਸ਼ਧੀ ਦੇ ਰੂਪ ਵਿਚ ਵੀ ਬੜੀ ਮਹੱਤਤਾ ਮੰਨੀ ਗਈ ਹੈ। ਕਈ ਬਿਮਾਰੀਆਂ ਲਈ ਇਹ ਫਲ ਦਵਾਈ ਦਾ ਕੰਮ ਕਰਦੇ ਹਨ।

ਪਸ਼ੂਆਂ ਦੇ ਧੰਦੇ ਵਿਚ ਮੁੱਖ ਮੰਤਵ ਦੁੱਧ ਦੀ ਵੱਧ ਤੋਂ ਵੱਧ ਪੈਦਾਵਾਰ ਕਰਨਾ ਹੁੰਦਾ ਹੈ । ਇਹ ਤਾਂ ਹੀ ਸੰਭਵ ਹੈ ਜੇਕਰ ਉਹਨਾਂ ਦੀ ਸਾਂਭ-ਸੰਭਾਲ ਸਹੀ ਤਰ੍ਹਾਂ ਕੀਤੀ ਜਾਵੇ । ਸਰਦੀਆਂ ਦੇ ਦੌਰਾਨ ਪਸ਼ੂ ਠੰਡ ਦੇ ਮਾੜੇ ਪ੍ਰਭਾਵ ਹੇਠ ਚਲਾ ਜਾਂਦਾ ਹੈ, ਜਿਸਦਾ ਉਸਦੀ ਸਿਹਤ ਅਤੇ ਉਤਪਾਦਕਤਾ 'ਤੇ ਸਿੱਧਾ ਪ੍ਰਭਾਵ ਪੈਂਦਾ ਹੈ । ਢੁੱਕਵੀਂ ਖੁਰਾਕ ਅਤੇ ਸਮੇਂ 'ਤੇ ਸਹੀ ਦੇਖ-ਭਾਲ ਰਾਹੀਂ ਪਸ਼ੂਆਂ ਨੂੰ ਸਰਦੀਆਂ ਦੇ ਮਾੜੇ ਪ੍ਰਭਾਵ ਤੋਂ ਬਚਾਇਆ ਜਾ ਸਕਦਾ ਹੈ । ਹੇਠਾਂ ਅਸੀਂ ਕੁੱਝ ਨੁਕਤੇ ਸਾਂਝੇ ਕਰਨ ਜਾ ਰਹੇ ਹਾਂ ਤਾਂ ਕਿ ਸਰਦੀਆਂ ਦੌਰਾਨ ਉਹਨਾਂ ਦੀ ਸਹੀ ਸੰਭਾਲ ਕੀਤੀ ਜਾ ਸਕੇ ।



# ਸਰਦੀਆਂ ਦੇ ਦੌਰਾਨ ਡੇਅਰੀ ਪਸ਼ੂਆਂ ਦਾ ਪ੍ਰਬੰਧਨ

ਕੰਵਰਪਾਲ ਸਿੰਘ ਢਿੱਲੋਂ,
ਕ੍ਰਿਸ਼ੀ ਵਿਗਿਆਨ ਕੇਂਦਰ,
ਅੰਮ੍ਰਿਤਸਰ (ਮੋ.99156-78787)

1. ਸ਼ੈਡ ਸਾਨੂੰ ਇਸ ਢੰਗ ਨਾਲ ਬਣਾਉਣਾ ਚਾਹੀਦਾ ਹੈ ਕਿ ਸੂਰਜ ਦੀਆਂ ਕਿਰਨਾਂ ਸ਼ੈਡ ਦੇ ਅੰਦਰ ਜਾਣ ਅਤੇ ਸ਼ੈਡ ਨੂੰ ਕਿਰਮ ਰਹਿਤ, ਗਰਮ ਅਤੇ ਸੁੱਕਾ ਰੱਖਣ ਵਿਚ ਸਹਾਈ ਹੋਣ । ਇਸ ਲਈ ਜਦ ਵੀ ਪਸ਼ੂਆਂ ਦਾ ਵਾੜਾ ਬਣਾਉਣਾ ਹੋਵੇ ਤਾਂ ਉਸ ਦੀ ਲੰਬਾਈ ਵਾਲਾ ਧੁਰਾ ਪੂਰਬ ਤੋਂ ਪੱਛਮ ਵੱਲ ਨੂੰ ਹੋਣਾ ਚਾਹੀਦਾ ਹੈ । ਅਜਿਹਾ ਕਰਨ ਨਾਲ ਗਰਮੀਆਂ ਵਿਚ ਸ਼ੈਡ ਠੰਡਾ ਅਤੇ ਸਰਦੀਆਂ ਵਿਚ ਨਿੱਘਾ ਰਹਿੰਦਾ ਹੈ ।



2. ਲਵੇਰੀ ਦਿਨ 'ਚ ਲਗਭਗ 16 ਘੰਟੇ ਬੈਠ ਕੇ ਜੁਗਾਲੀ ਕਰਨਾ ਚਾਹੁੰਦੀ ਹੈ । ਪਰ ਜਗ੍ਹਾ ਪਿਸ਼ਾਬ/ਮਲ ਨਾਲ ਗਿੱਲੀ ਅਤੇ ਠੰਡੀ ਹੋਣ ਕਰਕੇ ਇਹ ਸਮਾਂ ਘੱਟ ਜਾਂਦਾ ਹੈ ਅਤੇ ਦੁੱਧ ਦੀ ਪੈਦਾਵਾਰ ਅਤੇ ਅਸਰ ਪੈਂਦਾ ਹੈ । ਜੇਕਰ ਪਰਾਲੀ ਦੀ 3-4 ਇੰਚ ਮੋਟੀ ਤਹਿ ਪਸ਼ੂਆਂ ਥੱਲੇ ਵਿਛਾਈ ਜਾਵੇ ਤਾਂ ਪਸ਼ੂ ਆਰਾਮ ਨਾਲ ਬਿਨ੍ਹਾਂ ਲਿੱਬੜੇ ਨਿੱਘ ਨਾਲ ਬੈਠ ਸਕਦੇ ਹਨ । ਗੰਦੀ ਜਗ੍ਹਾ ਤੇ ਬੈਠਣ ਕਾਰਨ ਥਣਾ ਦਾ ਸੋਜਾ/ਥਨੈਲਾ ਰੋਗ ਹੋਣ ਦਾ ਖਤਰਾ ਵੱਧ ਜਾਂਦਾ ਹੈ । ਇਸ ਲਈ ਫਰਸ਼ ਪੱਧਰਾ (ਬਿਨਾਂ ਕਿਸੇ ਟੋਏ ਤੋਂ) ਅਤੇ ਇੱਕ ਪਾਸੇ ਨੂੰ ਢਲਾਣ ਵਾਲਾ ਹੋਣਾ ਚਾਹੀਦਾ ਹੈ ।

3. ਸਰਦੀਆਂ ਦੌਰਾਨ ਪਸ਼ੂਆਂ ਨੂੰ ਰਾਤ ਵੇਲੇ ਅੰਦਰ ਰੱਖਣਾ ਚਾਹੀਦਾ; ਅਤੇ ਠੰਡੀ ਹਵਾ ਤੋਂ ਬਚਾਉਣ ਲਈ ਪਰਦਿਆਂ ਦਾ ਇਸਤੇਮਾਲ ਕਰਨਾ ਚਾਹੀਦਾ ਹੈ । ਪਰਦੇ ਤਰਪਾਲ ਜਾਂ ਪੱਲੀਆਂ ਦੇ ਬਣੇ ਹੋਣੇ ਚਾਹੀਦੇ ਹਨ ਤਾਂ ਕਿ ਹਵਾ ਅਸਾਨੀ ਨਾਲ ਅੰਦਰ ਨਾ ਜਾ ਸਕੇ ।

4. ਸਰਦੀਆਂ ਸ਼ੁਰੂ ਹੋਣ ਤੋਂ ਪਹਿਲਾਂ ਭਾਵ ਅਕਤੂਬਰ ਦੇ ਮਹੀਨੇ ਵਿਚ ਸ਼ੈਡ ਦੇ ਨੇੜੇ ਦਰੱਖਤਾਂ ਨੂੰ ਛਾਂਗ ਦੇਣਾ ਚਾਹੀਦਾ ਹੈ । ਕੇਵਲ ਦੱਖਣ ਵਾਲੇ ਪਾਸੇ ਦੇ ਦਰੱਖਤ ਛਾਂਗੇ ਜਾਣ ਤਾਂ ਕਿ ਸ਼ੈਡ ਅੰਦਰ ਧੁੱਪ ਜਾ ਸਕੇ ਅਤੇ ਬਾਕੀ ਦਰੱਖਤ ਠੰਡੀ ਹਵਾ ਨੂੰ ਰੋਕਣ ਲਈ ਵਾੜ ਦਾ ਕੰਮ ਦੇ ਸਕਣ ।

5. ਸਰਦੀਆਂ ਦੌਰਾਨ ਆਪਣਾ ਸਰੀਰਕ ਤਾਪਮਾਨ ਕਾਇਮ ਰੱਖਣ ਲਈ ਜ਼ਿਆਦਾ ਖੁਰਾਕ ਦੀ ਲੋੜ ਪੈਂਦੀ ਹੈ । ਪਰ ਨਵੰਬਰ ਅਤੇ ਦਸੰਬਰ ਦੇ ਮਹੀਨੇ ਵਿਚ ਪਸ਼ੂਆਂ ਲਈ ਹਰੇ ਚਾਰੇ ਦੀ ਘਾਟ ਹੋਣ ਕਰਕੇ ਮੱਕੀ ਤੇ ਆਚਾਰ ਦਾ ਪ੍ਰਬੰਧ ਜ਼ਰੂਰ ਕਰਨਾ ਚਾਹੀਦਾ ਹੈ । ਪਸ਼ੂਆਂ ਲਈ ਵੰਡ, ਤੇਲ ਵਾਲੀ ਖਲ/ਦਾਣਾ ਵਧਾ ਦੇਣਾ ਚਾਹੀਦਾ ਹੈ । ਪਸ਼ੂਆਂ ਨੂੰ ਵੰਡ ਉਹਨਾਂ ਦੀ ਦੁੱਧ ਦੇਣ ਦੀ ਸਮਰੱਥਾ ਮੁਤਾਬਿਕ ਪਾਉ ।

5 ਕਿਲੋ ਜ਼ਿਆਦਾ ਦੁੱਧ ਦੇਣ ਵਾਲੀਆਂ ਮੱਝਾਂ ਨੂੰ 2 ਕਿਲੋ ਦੁੱਧ ਪਿੱਛੇ ਅਤੇ ਗਾਵਾਂ ਨੂੰ 2.5 ਕਿਲੋ ਦੁੱਧ ਪਿੱਛੇ 1 ਕਿਲੋ ਦਾਣਾ ਜ਼ਰੂਰ ਪਾਓ ।

6. ਸਰਦੀਆਂ ਵਿਚ ਪਾਣੀ ਠੰਡਾ ਹੋਣ ਕਰਕੇ ਪਸ਼ੂ ਪਾਣੀ ਘੱਟ ਪੀਂਦੇ ਹਨ ਇਸ ਲਈ ਪਸ਼ੂਆਂ ਲਈ ਤਾਜੇ ਕੋਸੇ ਪਾਣੀ ਇੰਤਜ਼ਾਮ ਕਰਨਾ ਚਾਹੀਦਾ ਹੈ ।

7. ਸਰਦੀਆਂ 'ਚ ਚਮੜੀ ਖੁਸ਼ਕ ਹੋ ਜਾਂਦੀ ਹੈ । ਖਾਸ ਕਰਕੇ ਥਣਾਂ ਦੀ ਚਮੜੀ ਤੇ ਬਿਆਈਆਂ ਪੈ ਜਾਂਦੀਆਂ ਹਨ । ਇਸ ਲਈ ਥਣਾਂ ਨੂੰ ਨਰਮ ਰੱਖਣ ਲਈ ਜਾਂ ਖੁਸ਼ਕੀ ਦੂਰ ਕਰਨ ਲਈ ਗਲਿਸਰੀਨ, ਤੇਲ, ਕਰੀਮ ਆਦਿ ਲਾ ਕੇ ਮੁਲਾਇਮ ਰੱਖਣੇ ਚਾਹੀਦੇ ਹਨ ।

8. ਪਸ਼ੂਆਂ ਨੂੰ ਸਰਦੀਆਂ ਵਿਚ ਹੋਣ ਵਾਲੀਆਂ ਬਿਮਾਰੀਆਂ ਜਿਵੇਂ ਕਿ ਮੂੰਹ-ਖੁਰ, ਪੱਟ-ਸੋਜਾ ਆਦਿ ਦੇ ਲਈ ਟੀਕਾਕਰਣ ਕਰਨਾ ਚਾਹੀਦਾ ਹੈ । ਇਸ ਤੋਂ ਪਹਿਲਾਂ ਪਸ਼ੂਆਂ ਨੂੰ ਮਲੱਪ-ਰਹਿਤ ਕਰਨ ਦੀ ਦਵਾਈ ਦੇਣੀ ਚਾਹੀਦੀ ਹੈ ।

9. ਕੱਟੜੂ/ਵੱਛੜੂਆਂ ਦੀ ਸਾਂਭ-ਸੰਭਾਲ : ਲਗਭਗ 70% ਮੱਝਾਂ ਸਰਦੀਆਂ (ਅਕਤੂਬਰ-ਫਰਵਰੀ) ਦੇ ਮਹੀਨਿਆਂ ਦੌਰਾਨ ਹੀ ਸੂੰਦੀਆਂ ਹਨ ਜਾਂ ਕਹਿ ਲਈਏ ਕਿ ਕੱਟੜੂ-ਠੰਢ ਦੌਰਾਨ ਜਨਮ ਲੈਂਦੇ ਹਨ । ਇਸ ਲਈ ਉਹਨਾਂ ਦਾ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ । ਜਨਮ ਤੋਂ 3 ਕੁ ਮਹੀਨੇ ਪਹਿਲਾਂ ਸੂਣ ਵਾਲੇ ਪਸ਼ੂ ਨੂੰ ਮਲੱਪ ਕਰਨਾ ਚਾਹੀਦਾ ਹੈ । ਜਨਮ ਸਮੇਂ ਹੀ ਨਵਜੰਮੇ ਨੂੰ ਸੁੱਕੇ ਕੱਪੜੇ ਨਾਲ ਸਾਫ ਕਰ ਦੇਣਾ ਚਾਹੀਦਾ ਹੈ ਅਤੇ 4-6 ਇੰਚ ਪਰਾਲੀ ਨੂੰ ਵਿਛਾਉਣੀ ਦੇ ਤੌਰ ਤੇ ਵਰਤਣਾ ਚਾਹੀਦਾ ਹੈ । ਨਵਜੰਮੇ ਜਾਂ ਛੋਟੀ ਉਮਰ ਦੇ ਕੱਟੜੂਆਂ-ਵੱਛੜੂਆਂ ਦੇ ਸਰੀਰ ਨੂੰ ਗਰਮ ਕੱਪੜੇ ਨਾਲ ਵੀ ਢੱਕਿਆ ਜਾ ਸਕਦਾ ਹੈ ।

# ਬਾਈਪਾਸ ਫੈਟ ਬਣਾਉਣ ਦੀ ਵਿਧੀ ਅਤੇ ਮਹੱਤਤਾ

ਪ੍ਰਭਜੋਤ ਕੌਰ ਸਿੱਧੂ, ਅਨੰਤ ਸਿਮਰਨ ਸਿੰਘ ਅਤੇ ਮੁਨੀਸ਼ ਕੁਮਾਰ,
ਕ੍ਰਿਸ਼ੀ ਵਿਗਿਆਨ ਕੇਂਦਰ, ਬੁੱਧ ਸਿੰਘ ਵਾਲਾ, ਮੋਗਾ (ਮੋਬਾਇਲ 9872002240)

ਸੂਣ ਨੇੜੇ ਢੁੱਕੇ ਪਸ਼ੂਆਂ ਦੀ ਜਾਂ ਸੂਣ ਉਪਰੰਤ ਖੁਰਾਕ ਖਾਣ ਦੀ ਸਮਰੱਥਾ ਘਟਣ ਕਾਰਨ ਲੋੜੀਂਦੇ ਤੱਤ ਉਚਿੱਤ ਮਾਤਰਾ ਵਿਚ ਉਪਲੱਬਧ ਨਹੀਂ ਹੁੰਦੇ ਜਿਸ ਕਾਰਨ ਉਹਨਾਂ ਦੇ ਸਰੀਰ ਵਿਚ ਊਰਜਾ ਦੀ ਘਾਟ ਹੋ ਜਾਂਦੀ ਹੈ ਅਤੇ ਉਹ ਨੈਗੇਟਿਵ ਊਰਜਾ ਸੰਤੁਲਨ ਵਿਚ ਚਲੇ ਜਾਂਦੇ ਹਨ । ਪਸ਼ੂਆਂ ਦਾ ਭਾਰ ਸੂਏ ਤੋਂ ਬਾਅਦ ਤੇਜ਼ੀ ਨਾਲ ਘੱਟਣਾ ਸ਼ੁਰੂ ਹੋ ਜਾਂਦਾ ਹੈ ਅਤੇ ਵਧੇਰੇ ਦੁੱਧ ਦੇਣ ਵਾਲੇ ਪਸ਼ੂ ਦਾ ਭਾਰ ਲਗਭਗ 80-100 ਕਿਲੋ ਤੱਕ ਘੱਟ ਸਕਦਾ ਹੈ । ਅਜਿਹੀ ਹਾਲਤ ਵਾਲੇ ਕਮਜ਼ੋਰ ਪਸ਼ੂ ਉਦੋਂ ਤੱਕ ਹੇਹੇ ਵਿਚ ਨਹੀਂ ਆਉਂਦੇ, ਜਦ ਤੱਕ ਉਹ ਭਾਰ ਘੱਟਣ ਦੀ ਸਮੱਸਿਆ ਨਾਲ ਨਜਿੱਠ ਨਹੀਂ ਲੈਂਦੇ । ਇਹ ਸਮੱਸਿਆ ਅੱਗੇ ਜਾ ਕੇ ਪਸ਼ੂਆਂ ਵਿਚ ਗਰਭ ਨਹੀਂ ਠਹਿਰਨ ਦਿੰਦੀ ਜਿਸ ਕਾਰਨ ਦੋ ਸੂਇਆਂ ਵਿਚਲਾ ਅੰਤਰਾਲ ਵੀ ਵੱਧ ਜਾਂਦਾ ਹੈ । ਇਸ ਤੋਂ ਇਲਾਵਾ ਇਸ ਸਮੇਂ ਵਿਚ ਪਸ਼ੂ ਘੱਟ ਖਾਂਦਾ ਹੈ ਜਿਸ ਨਾਲ ਉਸ ਦੀ ਦੁੱਧ ਦੇਣ ਦੀ ਸਮਰੱਥਾ ਉੱਤੇ ਵੀ ਅਸਰ ਪੈਂਦਾ ਹੈ ।

ਇਸ ਸਮੱਸਿਆ ਨਾਲ ਨਜਿੱਠਣ ਲਈ ਦੁਧਾਰੂ ਪਸ਼ੂਆਂ ਦੇ ਰਾਸ਼ਨ ਵਿਚ ਵਧੇਰੇ ਊਰਜਾ ਜਾਂ ਸੰਘਣੀ ਊਰਜਾ ਵਾਲਾ ਸਰੋਤ ਪਾਇਆ ਜਾ ਸਕਦਾ ਹੈ ਜੋ ਕਿ ਕੱਚਾ ਪੀਣਯੋਗ ਤੇਲ ਹੋ ਸਕਦਾ ਹੈ ਪਰ ਜੇ ਇਸ ਸਰੋਤ ਨੂੰ ਜ਼ਿਆਦਾ ਮਾਤਰਾ ਵਿਚ ਪਾ ਦਿੱਤਾ ਜਾਵੇ ਤਾਂ ਇਸ ਦਾ ਸਿੱਧਾ ਅਸਰ ਰੇਸ਼ੇ ਦੀ ਪਚਣ ਸਮਰੱਥਾ ਉੱਤੇ ਹੁੰਦਾ ਹੈ । ਇਸ ਲਈ ਜ਼ਰੂਰੀ ਹੋ ਜਾਂਦਾ ਹੈ ਕਿ ਫੈਟ ਦੇ ਸਰੋਤ ਨੂੰ ਕੁਝ ਅਜਿਹੇ ਢੰਗ ਨਾਲ ਦਿੱਤਾ ਜਾਵੇ ਜਿਸ ਨਾਲ ਊਰਜਾ ਵੀ ਸਹੀ ਮਾਤਰਾ ਵਿਚ ਮਿਲੇ ਅਤੇ ਰੇਸ਼ੇ ਦੀ ਪਾਚਣ ਸਮਰੱਥਾ ਉੱਤੇ ਵੀ ਕੋਈ ਬੁਰਾ ਅਸਰ ਨਾ ਹੋਵੇ । ਇਹ ਸਿਰਫ ਉਦੋਂ ਹੀ ਸੰਭਵ ਹੈ ਜਦੋਂ ਫੈਟ ਦੇ ਸਰੋਤ ਨੂੰ ਉਝਰੀ ਵਿੱਚ ਪਚਣ ਤੋਂ ਰੋਕਿਆ ਜਾਵੇ ਭਾਵ ਤੇਲ ਜਾਂ ਫੈਟ ਦਾ ਸਰੋਤ ਉਝਰੀ ਨੂੰ ਬਾਈਪਾਸ ਕਰ ਜਾਵੇ ।



ਬਾਈਪਾਸ ਫੈਟ ਖੁਰਾਕ ਦਾ ਉਹ ਹਿੱਸਾ ਹੈ ਜਿਸ ਨੂੰ ਉਝਰੀ ਵਿਚਲੇ ਸੂਖਮ ਜੀਵ ਤੋੜਨ ਤੋਂ ਅਸਮਰੱਥ ਹੁੰਦੇ ਹਨ ਅਤੇ ਇਹ ਉਝਰੀ ਵਿਚ ਹੀ ਹੁੰਦੇ ਹੋਏ ਐਬੋਮੇਜ਼ਮ ਤੱਕ ਪਹੁੰਚ ਜਾਂਦੇ ਹਨ ਅਤੇ ਉੱਥੇ ਜਾ ਕੇ ਤੇਜ਼ਾਬੀ ਪ੍ਰਭਾਵ ਹੇਠ ਟੁੱਟ ਜਾਂਦੇ ਹਨ ਜਿਸ ਨਾਲ ਪਸ਼ੂ ਦੀਆਂ ਊਰਜਾ ਸੰਬੰਧੀ ਲੋੜਾਂ ਪੂਰੀਆਂ ਹੋ ਜਾਂਦੀਆਂ ਹਨ । ਇਹ ਪਸ਼ੂ ਦੀ ਦੁੱਧ ਦੀ ਪੈਦਾਵਾਰ ਵਧਾਉਣ, ਸਰੀਰਕ ਵਾਧੇ ਤੇ ਵਿਕਾਸ ਅਤੇ ਜਲਦੀ ਸੂਏ ਵਿਚ ਲਿਆਉਣ ਵਿਚ ਸਹਾਈ ਹੁੰਦੇ ਹਨ । ਆਮ ਤੌਰ 'ਤੇ 5-7 ਕਿਲੋ ਦੁੱਧ ਦੇਣ ਵਾਲੇ ਪਸ਼ੂ ਦੀਆਂ ਸਰੀਰਕ ਲੋੜਾਂ ਖੁਰਾਕ ਨਾਲ ਹੀ ਪੂਰੀਆਂ ਹੋ ਜਾਂਦੀਆਂ ਹਨ, ਪਰ ਤੇਜ਼ੀ ਨਾਲ ਵੱਧਣ ਫੁੱਲਣ ਵਾਲੇ, ਵਧੇਰੇ ਦੁੱਧ ਦੇਣ ਵਾਲੇ ਜਾਂ ਸੂਣ ਤੋਂ 3-4 ਹਫਤੇ ਪਹਿਲਾਂ ਤੋਂ ਲੈ ਕੇ ਸੂਣ ਤੋਂ 10-12 ਹਫਤੇ ਬਾਅਦ ਤੱਕ ਪਸ਼ੂਆਂ ਦੀਆਂ ਊਰਜਾ ਸੰਬੰਧੀ ਲੋੜਾਂ ਦੀ ਪੂਰਤੀ ਲਈ ਬਾਈਪਾਸ ਤੱਤਾਂ ਦੀ ਲੋੜ ਹੁੰਦੀ ਹੈ ।

**ਬਾਈਪਾਸ ਫੈਟ ਬਣਾਉਣ ਦੀ ਵਿਧੀ :**

1. 4 ਕਿਲੋ ਰਾਈਸ ਬਰੈਨ ਫੈਟੀ ਐਸਿਡ ਤੇਲ ਕੜਾਹੀ ਵਿਚ ਪਾ ਕੇ ਹਲਕੀ ਅੱਗ 'ਤੇ ਗਰਮ ਕਰੋ ।
2. 120 ਮਿ.ਲੀ. ਸਲਫਿਊਰਿਕ ਐਸਿਡ ਨੂੰ 500 ਮਿ.ਲੀ. ਪਾਣੀ ਵਿਚ ਮਿਲਾਉ । ਇਸ ਘੋਲ ਨੂੰ ਗਰਮ ਕੀਤੇ ਫੈਟੀ ਐਸਿਡ ਤੇਲ ਵਿਚ ਪਾਓ ਅਤੇ 5 ਮਿੰਟ ਲਈ ਉਬਾਲੋ ।
3. 1.6 ਕਿਲੋ ਕੈਲਸ਼ੀਅਮ ਆਕਸਾਈਡ ਨੂੰ 10 ਲੀਟਰ ਪਾਣੀ ਵਿਚ ਘੋਲ ਕੇ ਉਪਰੋਕਤ ਮਿਸ਼ਰਣ ਵਿਚ ਮਿਲਾਓ ।
4. ਉਬਲਣਾ ਸ਼ੁਰੂ ਹੋਣ ਤੋਂ ਬਾਅਦ ਘੋਲ ਨੂੰ 30 ਮਿੰਟ ਤੱਕ ਹਲਕੀ ਅੱਗ 'ਤੇ ਰੱਖੋ ।
5. ਚੰਗੀ ਤਰ੍ਹਾਂ ਉਬਾਲਣ ਉਪਰੰਤ ਮਿਸ਼ਰਣ ਨੂੰ ਛਾਣ ਲਓ ਅਤੇ ਇਸ ਨੂੰ ਖਾਰੇਪਨ ਤੋਂ ਰਹਿਤ ਕਰਨ ਲਈ ਖੁੱਲ੍ਹੇ ਪਾਣੀ ਵਿਚ ਧੋਵੋ ।
6. ਮਿਸ਼ਰਣ ਨੂੰ ਧੁੱਪੇ ਸੁਕਾਉਣ ਮਗਰੋਂ ਪੀਸ ਲਓ । 10 ਕਿਲੋ ਮਿਸ਼ਰਣ ਵਿਚ 50 ਗ੍ਰਾਮ ਬੀ. ਐਚ. ਟੀ. ਮਿਲਾਓ ।
7. ਇਸ ਵਿਧੀ ਰਾਹੀਂ ਬਣੇ ਮਿਸ਼ਰਣ ਵਿੱਚ 84% ਬਾਈਪਾਸ ਫੈਟ ਅਤੇ 7-8% ਕੈਲਸ਼ੀਅਮ ਹੁੰਦਾ ਹੈ ।
8. ਬਾਈਪਾਸ ਫੈਟ ਰੋਜ਼ਾਨਾ ਖਵਾਉਣ ਦੀ ਮਾਤਰਾ :
   ਗਾਵਾਂ : 100-150 ਗ੍ਰਾਮ
   ਮੱਝਾਂ : 150-200 ਗ੍ਰਾਮ
9. ਦੁੱਧ ਦੀ ਪੈਦਾਵਾਰ ਦੇ ਹਿਸਾਬ ਨਾਲ ਬਾਈਪਾਸ ਫੈਟ ਗਾਵਾਂ ਲਈ 10 ਗ੍ਰਾਮ ਅਤੇ ਮੱਝਾਂ ਲਈ 20 ਗ੍ਰਾਮ ਪ੍ਰਤੀ ਕਿਲੋ ਦੁੱਧ ਦੇ ਹਿਸਾਬ ਨਾਲ ਦਿੱਤੀ ਜਾ ਸਕਦੀ ਹੈ ਅਤੇ 2 ਕਿਲੋ/100 ਕਿਲੋ ਰਾਸ਼ਨ ਵਿਚ ਵੀ ਸ਼ਾਮਲ ਕੀਤੀ ਜਾ ਸਕਦੀ ਹੈ ।
10. ਬਾਈਪਾਸ ਫੈਟ ਚਾਰਨ ਦੇ ਫਾਇਦੇ :

★ ਇਸ ਦੀ ਵਰਤੋਂ ਵਧੀਆ ਊਰਜਾ ਸਰੋਤ ਵੱਜੋਂ ਸੱਜਰ ਸੂਏ ਪਸ਼ੂਆਂ ਅਤੇ ਸੂਣ ਨੇੜੇ ਢੁੱਕੇ ਪਸ਼ੂਆਂ ਵਿਚ ਊਰਜਾ ਦੀ ਕਮੀ ਹੋਣ ਤੋਂ ਰੋਕਣ ਲਈ ਕੀਤੀ ਜਾਂਦੀ ਹੈ ।

★ ਬਾਈਪਾਸ ਫੈਟ ਜ਼ਿਆਦਾ ਲੰਮੇ ਸਮੇਂ ਤੱਕ ਦੁੱਧ ਦੀ ਪੈਦਾਵਾਰ ਅਤੇ ਦੁੱਧ ਦੀ ਫੈਟ ਵਧਾਉਣ ਵਿਚ ਸਹਾਈ ਹੁੰਦੀ ਹੈ ।

★ ਇਹ ਜ਼ਿਆਦਾ ਦੁੱਧ ਦੇਣ ਵਾਲੇ ਜਾਂ ਦੁਧਾਰੂ ਪਸ਼ੂਆਂ ਵਿਚ ਖੁਰਾਕੀ ਤੱਤਾਂ ਦੀ ਘਾਟ ਨੂੰ ਪੂਰਾ ਕਰਦੀ ਹੈ ।

# ਸੀਲ ਬਰੂਡ ਛੱਤਿਆਂ ਵਿੱਚ ਬਿਨਾਂ ਟੋਪੀਆਂ ਵਾਲਾ ਬਰੂਡ - ਅਲਾਮਤਾਂ ਦੀ ਸੋਝੀ ਤੇ ਸੁਰੱਖਿਆ

**ਅਨੁਕੂਲ ਬੀਕੀਪਿੰਗ ਹਾਲਾਤ** :

1. ਸਰ੍ਹੋਂ ਜਾਤੀ ਦੇ ਫੁੱਲ-ਫੁਲਾਕੇ ਦੀ ਹਿਜ਼ਰਤੀ ਥਾਵਾਂ ਤੇ ਭਰਪੂਰ ਉਪਲਬਧਤਾ
2. ਪਰਾਗ ਦੀ ਵਧੇਰੇ ਉਪਲਬਧਤਾ ਕਾਰਨ ਬਰੂਡ ਪੈਣ ਦੀ ਵਧੇਰੇ ਰਫਤਾਰ

**ਨਜ਼ਰੀ ਪੈਂਦੀਆਂ ਅਲਾਮਤਾਂ** :

1. ਵਰਕਰ ਸੀਲ ਬਰੂਡ ਛੱਤਿਆਂ ਵਿੱਚ ਪ੍ਰੀਪਿਊਪਾ ਜਾਂ ਪਿਊਪਾ ਅਵਸਥਾ ਬਿਨਾਂ ਟੋਪੀਆਂ ਤੋਂ

**ਕਾਰਨ**

**ਸੈਕ ਬਰੂਡ-ਵਿਸ਼ਾਣੂੰ ਰੋਗ** :

1. ਨੈਕਟਰ ਦੀ ਆਮਦ ਕੁਝ ਘਟੀ ਹੋਈ
2. ਵਰਕਰ ਸੀਲ ਬਰੂਡ ਛੱਤਿਆਂ ਵਿੱਚ ਪ੍ਰੀਪਿਊਪੇ (ਪਿਊਪੇ ਤੋਂ ਪਹਿਲੀ ਅਵਸਥਾ) ਬਿਨਾਂ ਟੋਪੀਆਂ ਤੋਂ
3. ਸੈਲਾਂ ਵਿਚ ਖੜਵੀਆਂ ਸੁੰਡੀਆਂ ਜਿਵੇਂ ਪ੍ਰੀਪਿਊਪੇ ਉੱਪਰਲਾ/ਬਾਹਰਲਾ ਸਿਰਾ ਤਿੱਖਾ
4. ਮੁੱਢਲੀ ਅਵਸਥਾ ਵਿਚ ਪ੍ਰੀਪਿਊਪੇ ਆਮ ਵਰਗੇ ਕਰੀਮ ਰੰਗੇ, ਪਰ ਬਾਅਦ ਵਿੱਚੋਂ ਸਿਰ ਵਾਲੇ / ਉਪਰਲੇ ਪਾਸਿਉਂ ਪਹਿਲਾਂ ਹਲਕੇ ਭੂਰੇ ਤੇ ਫਿਰ ਗੂੜ੍ਹੇ ਭੂਰੇ ਤੇ ਹੇਠਲੇ ਪਾਸਿਉਂ ਵੀ ਗੂੜ੍ਹੇ ਰੰਗੇ ਹੁੰਦੇ ਹੋਏ ਪਰ ਉਪਰਲੇ ਪਾਸੇ ਨਾਲੋਂ ਘੱਟ
5. ਸੁੱਕਣ ਉਪਰੰਤ ਇਸ ਮਰੇ ਬਰੂਦ ਦੀਆਂ ਖੁਰਚ ਜਾਣ ਯੋਗ ਪਰ ਭੁਰਭੁਰੀਆਂ ਪੱਪੜੀਆਂ ਦਾ ਸੈੱਲਾਂ ਦੀਆਂ ਕੰਧਾਂ ਨਾਲ ਜੁੜ ਜਾਣਾ



6. ਨੈਕਟਰ ਦੀ ਆਮਦ ਨਾਲ ਇਸ ਅਲਾਮਤ ਦਾ ਪ੍ਰਕੋਪ ਘੱਟ ਜਾਣਾ

**ਰੋਕਥਾਮ** : 1. ਅਸਥਾਈ ਨੈਕਟਰ ਰੋਕ ਅਤੇ ਘੱਟ ਪ੍ਰਕੋਪ ਦੌਰਾਨ ਇੰਤਜ਼ਾਰ ਕਰੋ

2. ਉਪਰੋਕਤ ਦੀ ਅਣਹੋਂਦ ਵਿੱਚ ਸ਼ੁੱਕ-ਸਵਾਰਮ ਵਿਧੀ ਅਪਣਾਓ
3. ਦੇਰ ਸ਼ਾਮ ਨੂੰ ਬਿਮਾਰ ਕਟੁੰਬਾਂ ਨੂੰ ਬੰਦ ਕਰਕੇ ਅਪੈਰੀ ਦੀ ਫੋਰਜ਼ਿੰਗ ਰੇਂਜ ਤੋਂ ਬਾਹਰ ਲੈ ਜਾਵੋ

**ਛੋਟਾ ਮੋਮੀ ਕੀੜਾ** :

1. ਵਰਕਰ ਸੀਲ ਬਰੂਡ ਛੱਤਿਆਂ ਵਿੱਚ ਪਿਊਪਾ ਅਵਸਥਾ ਬਿਨਾਂ ਟੋਪੀਆਂ ਤੋਂ
2. ਵਰੋਆ-ਕੰਘੇ ਨਾਲ ਬਰੂਡ ਬਾਹਰ ਕੱਢਣ ਤੇ ਪਿਊਪੇ ਦੀ ਪਿੱਠ ਉੱਤੇ ਕਾਲੀਆਂ ਬਰੀਕ ਲਮੂਤਰੀਆਂ ਵਿੱਠਾਂ ਦੀ ਹੋਂਦ
3. ਸੈਲਾਂ ਦੇ ਤਲੇ ਤੇ ਬਰੀਕ ਜਿਹੀ ਕਰੀਮ ਰੰਗੀ ਸੁੰਡੀ ਨਜ਼ਰ ਆਉਣੀ
4. ਸੈਲਾਂ ਦੇ ਤਲੇ ਤੇ ਚਿੱਟਾ ਜਿਹਾ ਜਾਲਾ ਨਜ਼ਰ ਆਉਣਾ
5. ਕਈ ਵੇਰ ਨਵੀਆਂ ਬਾਲਗ ਮੱਖੀਆਂ ਦਾ ਸੈੱਲਾਂ ਦੇ ਤਲੇ ਤੇ ਜਾਲੇ ਨਾਲ ਚਿਪਕਣ ਕਰਕੇ ਬਾਹਰ ਨਾ ਨਿਕਲ ਸਕਣਾ

**ਰੋਕਥਾਮ** :

1. ਸੁਘੜ ਕਟੁੰਬ ਪ੍ਰਬੰਧ ਗੈਰ-ਰਸਾਇਣਿਕ ਤਰੀਕਿਆਂ ਤੇ ਅਧਾਰਿਤ ਬਹੁਪੱਖੀ ਕੀਟ ਪ੍ਰਬੰਧ
2. ਬਰੂਡ ਚਿਚੜੀ ਲਈ ਵਰਤੀ ਰੰਧਕ ਵੀ ਇਸਦੀ ਰੋਕਥਾਮ ਕਰਦੀ ਹੈ।

**ਵਰੋਆ ਚਿਚੜੀ** :

1. ਵਰਕਰ ਸੀਲ ਬਰੂਡ ਛੱਤਿਆਂ ਵਿੱਚ ਪਿਊਪਾ ਅਵਸਥਾ ਬਿਨਾਂ ਟੋਪੀਆਂ ਤੋਂ, ਪਰ ਸੈੱਲਾਂ ਦੇ ਸਿਰੇ ਹਲਕੇ ਜਿਹੇ ਉੱਪਰ ਵਧੇ ਹੋਏ
2. ਪੜਤਾਲ ਲਈ, ਵਰੋਆ-ਕੰਘੇ ਨਾਲ ਆਸ-ਪਾਸ ਦੇ ਸੀਲ ਵਰਕਰ ਅਤੇ ਡਰੋਨ ਬਰੂਡ ਬਾਹਰ ਕੱਢਣ 'ਤੇ ਉਨ੍ਹਾਂ ਦੀਆਂ ਪਿੱਠਾਂ ਜਾਂ ਸੈੱਲਾਂ ਅੰਦਰ ਵਰੋਆ ਚਿਚੜੀਆਂ ਨਜ਼ਰ ਪੈਣੀਆਂ

**ਰੋਕਥਾਮ** :

1. ਸੁਘੜ ਵਿਗਿਆਨਕ ਕਟੁੰਬ ਪ੍ਰਬੰਧ
2. ਪਹਿਲ ਦੇ ਆਧਾਰ ਤੇ ਗੈਰ-ਰਸਾਇਣਿਕ ਤਰੀਕਿਆਂ ਤੇ ਅਧਾਰਿਤ ਬਹੁਪੱਖੀ ਵਰੋਆ ਪ੍ਰਬੰਧ

**ਰਾਣੀ ਮੱਖੀ ਵਿੱਚ ਅਨੁਵਾਂਸ਼ਿਕ ਦੋਸ਼** :

1. ਵਰਕਰ ਸੀਲ ਬਰੂਡ ਛੱਤਿਆਂ ਵਿੱਚ ਬਹੁਤਾਤ ਪਿਊਪੇ ਬਿਨਾਂ ਟੋਪੀਆਂ ਤੋਂ, ਪਰ ਉਪਰੋਕਤ ਵਿੱਚੋਂ ਹੋਰ ਕੋਈ ਨਿਸ਼ਾਨੀ ਨਹੀਂ

**ਰੋਕਥਾਮ** 1. ਰਾਣੀ ਮੱਖੀ ਬਦਲੋ, ਜਾਂ 2. ਕਟੁੰਬ ਨੂੰ ਰਾਣੀ-ਰਹਿਤ ਕਰਕੇ ਕਿਸੇ ਰਾਣੀ-ਸਹਿਤ ਸਹੀ ਕਟੁੰਬ ਨਾਲ ਜੋੜੋ

**ਪ੍ਰਦੀਪ ਕੁਮਾਰ ਛੁਨੇਜਾ ਅਤੇ ਜਸਪਾਲ ਸਿੰਘ, ਕੀਟ ਵਿਗਿਆਨ ਵਿਭਾਗ, ਪੀ. ਏ. ਯੂ. ਲੁਧਿਆਣਾ (ਮੋਬਾਇਲ : 9888885556)**

# ਪੰਜਾਬੀ ਜੀਵਨ 'ਚ ਗੁੜ ਦੀ ਸਰਦਾਰੀ

ਸ਼ਕਰਗੰਜ ਬਾਬਾ ਫਰੀਦ ਦੇ ਮਿੱਠੜੇ ਸਲੋਕਾਂ 'ਚ ਗੁੜ ਦੇ ਨਾਲ-ਨਾਲ ਖੰਡ ਦਾ ਜ਼ਿਕਰ ਆਉਣਾ ਇਸ ਗੱਲ ਦਾ ਪ੍ਰਮਾਣ ਹੈ ਕਿ ਖੰਡ ਦੀ ਲੱਭਤ ਕਾਫੀ ਪੁਰਾਣੀ ਹੈ ਪਰ ਸਰਦਾਰੀ ਤਾਂ ਗੁੜ ਦੀ ਹੀ ਸੀ। ਪੰਜਾਬੀ ਸਮਾਜ 'ਚ ਇਕ ਰੁਪਇਆ ਤੇ ਗੁੜ ਦੀ ਰੋੜੀ ਜਨਮ, ਮੰਗਣੀ ਤੇ ਵਿਆਹ ਵਰਗੇ ਸ਼ਗਨ-ਵਿਹਾਰਾਂ 'ਚ ਮਿਠਾਸ ਭਰਨ ਲਈ ਕਾਫੀ ਸਨ। ਲੋਕ ਕਥਨ ਹੈ ਕਿ ਗੁੜ ਤਾਂ ਰੱਬ ਨੇ ਵੀ ਨਹੀਂ ਸੀ ਮੋੜਿਆ। ਗੁੜ ਤੋਂ ਸਰਦਾਰੀ ਖੁੱਸਦੀ ਮੈਂ ਬੜੀ ਨੇੜਿਓਂ ਤੱਕੀ ਹੈ। ਪਿਛਲੀ ਅੱਧੀ ਕੁ ਸਦੀ 'ਚ ਕਾਰਪੋਰੇਟ ਜਗਤ ਨੇ ਐਸੀ ਮਾਰ ਮਾਰੀ ਹੈ ਕਿ ਅਸਲੀ-ਨਕਲੀ ਦੀ ਪਛਾਣ ਹੀ ਭੁਲਾ ਛੱਡੀ ਹੈ। ਇਸ ਰੌਰਖ ਧੰਦੇ ਵਿਚ ਗੁੜ ਦਾ ਕੀ ਹਸ਼ਰ ਹੋਇਆ? ਆਓ ਕੁਝ ਗੁੜ ਵਰਗੀਆਂ ਮਿੱਠੀਆਂ ਯਾਦਾ ਤਾਜ਼ਾ ਕਰੀਏ।

ਹਰੀ ਕ੍ਰਾਂਤੀ ਦੀ ਆਮਦ ਵੇਲੇ ਮੈਂ ਇਕ ਸਰਹੱਦੀ ਤੇ ਰਾਵੀ ਨੇੜਲੇ ਪਿੰਡ ਚੋਜਪੁਰ (ਗੁਰਦਾਸਪੁਰ) 'ਚ ਹੋਸ਼ ਸੰਭਾਲ ਰਿਹਾ ਸਾਂ। ਮੇਰੀ ਦਾਦੀ ਜਿੰਨੀ ਮਿਹਨਤੀ ਤੇ ਸਿਰੜੀ ਸੀ, ਓਨੀ ਹੀ ਮਿੱਠੇ ਤੇ ਲਵੇਰੇ ਦੀ ਸ਼ੌਕਣ। ਬਾਕੀ ਲੋਕ ਵੀ ਕੁਝ ਇੰਝ ਦੇ ਹੀ ਸਨ। ਮੌਸਮੀ ਤੇ ਸਥਾਨਕ ਫਲ ਜਾਮਣ, ਰੋਲ੍ਹੂ, ਪੀਲਕਾਂ, ਮਲ੍ਹਿਆਂ ਦੇ ਬੇਰ ਤੇ ਬੇਲੇ ਦੇ ਚਿੱਬੜਾਂ ਤੋਂ ਛੁੱਟ ਮਹਿੰਗੇ ਬਾਜ਼ਾਰੀ ਫਲਾਂ ਦਾ ਤਾਂ ਕਿਸੇ ਸੁਪਨਾ ਵੀ ਨਹੀਂ ਲਿਆ ਹੋਣਾ।


ਇਕ ਵਾਰ ਲੰਮੇ ਬੁਖਾਰ ਦੌਰਾਨ ਦਾਦੀ ਨੇ ਮੇਰੇ ਲਈ ਉਚੇਚਾ ਸ਼ਹਿਰੋਂ ਆਲੂਬੁਖਾਰਾ ਮੰਗਵਾਇਆ। ਮੈਨੂੰ ਲੱਗਿਆ ਕਿ ਆਲੂਬੁਖਾਰਾ ਸਿਰਫ ਬੁਖਾਰ ਲਈ ਹੀ ਬਣਿਆ ਹੈ। ਮਿੱਠੇ ਦੀ ਲੋੜ ਪੂਰਤੀ ਲਈ ਗੁੜ, ਸ਼ੱਕਰ ਤੇ ਕੱਕੋਂ (ਚਾਟੀ ਜਾਂ ਕੁੱਜੇ 'ਚ ਸਾਂਭਿਆ ਕੱਚੀ ਪੱਤ ਦਾ ਗੁੜ) ਹੀ ਪ੍ਰਧਾਨ ਸਨ। ਚਾਹ, ਦੁੱਧ, ਦਹੀਂ, ਚੌਲ, ਖੀਰ, ਪੂੜੇ, ਗੁਲਗੁਲੇ, ਸੱਤੂ ਤੇ ਸ਼ਰਬਤ ਤੋਂ ਲੈ ਕੇ ਵੀਰਵਾਰ ਨੂੰ ਖਾਨਗਾਹ 'ਤੇ ਚੜ੍ਹਦੇ ਰੋਟ ਤੱਕ, ਵਿਚ ਗੁੜ/ਸ਼ੱਕਰ ਦਾ ਹੀ ਬੋਲਬਾਲਾ ਸੀ। ਗੁੜੋਂ ਅੱਕੇ ਜੱਟਾਂ ਨੂੰ ਢਿੱਲੜ ਗੁੜ ਉਦੋਂ ਹੀ ਭਾਉਂਦਾ, ਜਦੋਂ ਇਸ ਦਾ 'ਅਰਕ' (ਸ਼ਰਾਬ) ਕੱਢ ਕੇ ਥਕਾਣ ਲਾਹੀ ਜਾਂਦੀ। ਫਿਰ ਤਾਂ ਉਹ ਝੂਮ-ਝੂਮ ਦੇ ਗਾਉਂਦੇ, 'ਇਹ ਜੋ ਗੁੜ-ਸ਼ੱਕਰ ਦਾ ਪਾਣੀ, ਇਹ ਤਾਂ ਦੇਵਤਿਆਂ ਦੀ ਰਾਣੀ।' ਸਾਡੇ ਪਿੰਡ (ਬੇਟ) ਦਾ ਗੁੜ ਕਣ ਵਾਲਾ ਪਰ ਕਾਲਾ ਹੁੰਦਾ ਸੀ। ਕਾਲੇ ਰੰਗ ਦੇ ਗੁੜ ਨੂੰ ਲੋਕ ਤ੍ਰਿਸਕਾਰਦੇ ਸਨ ਤੇ ਚਿੱਟੀ ਖੰਡ ਨੂੰ ਨਿਆਮਤ ਸਮਝਦੇ ਸਨ। ਜਿਵੇਂ ਆਪਣੀ ਚੰਗੀ-ਭਲੀ ਘਰਦੀ ਤੋਂ ਅੱਕਿਆ ਕੋਈ ਮਨਚਲਾ ਜੱਟ ਓਪਰੀ ਗੋਰੀ-ਚਿੱਟੀ ਮੇਮ 'ਤੇ ਮਰ-ਮਰ ਜਾਂਦਾ ਹੋਵੇ ਪਰ ਖੰਡ ਖਰੀਦਣ ਦੀ ਪਰੋਖੋਂ ਕਿਸ ਭੜਵੇ ਕੋਲ ਸੀ। ਮੇਰੇ ਭਾਅ ਜੀ (ਪਿਤਾ) ਤੇ ਚਾਚਾ ਬੀ ਐੱਸ ਐੱਫ 'ਚ ਹੋਣ ਕਰਕੇ ਦਾਦੀ ਦਾ ਹੱਥ ਕੁਝ ਸੌਖਾ ਸੀ, ਜਿਸ ਕਰਕੇ ਉਹ ਮਹੀਨੇ ਭਰ ਦੇ ਸੌਦੇ ਨਾਲ ਇਕ-ਅੱਧ ਸੇਰ ਖੰਡ ਵੀ ਲੈ ਆਉਂਦੀ ਸੀ।

ਕਾਗਜ਼ ਦੇ ਖਾਕੀ ਲਿਫਾਫੇ 'ਚ ਪਈ ਖੰਡ ਨੂੰ ਉਹ ਕੋਠੀ-ਜਿੰਦੇ ਹਵਾਲੇ ਕਰ ਕੇ 'ਆਏ-ਗਏ' ਲਈ ਸਾਂਭ ਲੈਂਦੀ। ਭੂਆ ਨੂੰ ਕੱਚੇ ਚੌਲਾਂ 'ਚ ਖੰਡ ਰਲਾ ਕੇ ਖਾਣ ਦਾ ਭੁੱਸ ਸੀ, ਜੋ ਦਾਦੀ ਨੂੰ ਵਾਰਾ ਨਹੀਂ ਸੀ ਖਾਂਦਾ। ਦਾਦੀ ਕਦੇ-ਕਦਾਈਂ ਟੱਬਰੋਂ ਅੱਡਰੀ ਖੰਡ ਦੀ ਚਾਹ ਬਣਾ ਲੈਂਦੀ ਤੇ ਤਰਕ ਇਹ ਦਿੰਦੀ ਕਿ ਹਕੀਮ ਨੇ ਕੱਚਾ ਮਿਠਾ ਮਨ੍ਹਾ ਕੀਤੈ। ਹਾਲਾਂਕਿ ਮੈਂ ਉਸ ਨੂੰ ਕਦੇ ਢਿੱਲੀ-ਮੱਠੀ ਨਹੀਂ ਸੀ ਵੇਖਿਆ। ਭੂਆ ਨੂੰ ਇਹ ਕੱਚ-ਪੱਕੇ ਵਾਲਾ ਵਿਤਕਰਾ ਬੜਾ ਚੁੱਭਦਾ। ਉਹ ਮੇਰੇ ਕੰਨ 'ਚ ਕੁਝ ਭਰਦੀ ਤੇ ਮੈਨੂੰ ਆਪਣੇ ਮੋਢਿਆਂ 'ਤੇ ਟਿਕਾ ਲੈਂਦੀ। ਮੈਂ



ਬਾਹਰ ਨੂੰ ਮੂੰਹ ਕਰ ਕੇ ਜ਼ੋਰ-ਜ਼ੋਰ ਦੀ ਪੁਕਾਰਦਾ, 'ਭਾਅ-ਭਾਅ! ਛੇਤੀ ਆ! ਆਪ ਖੰਡ ਦੀ, ਸਾਨੂੰ ਗੁੜ ਦੀ ਚਾਹ ਬਣਾਈ ਆ।'

ਉਨ੍ਹੀਂ ਦਿਨੀਂ ਗੁੜ ਭਾਵੇਂ ਆਮ ਘਰੇਲੂ ਸ਼ੈਅ ਸੀ ਪਰ ਸੰਤਾਲੀ ਦੇ ਉਜਾੜੇ ਦੇ ਡੰਬੇ ਕਈ 'ਪਨਾਹੀਆਂ' ਦੇ ਥਾਲ ਮੈਂ ਗੁੜ ਦੀ ਡਲੀ ਲਈ ਤਰਸਦੇ ਤੱਕੇ ਹਨ। ਇਕ ਵਾਰ ਮੈਂ ਇਕ ਦੋਸਤ ਨਾਲ ਉਸ ਦੀ ਭੂਆ ਦੇ ਪਿੰਡ ਗਿਆ। ਉਸ ਗਰੀਬਣੀ ਨੇ ਗਿੱਲੇ-ਵੱਤਰੇ ਗੋਹਿਆਂ ਦੀ ਰੀਣੀਂ ਕਰ ਕੇ ਪਤੀਲੀ ਧਰੀ ਤੇ ਹੱਟਿਓਂ ਗੁੜ-ਪੱਤੀ ਲੈਣ ਲਈ ਅਹੁਲੀ। ਵਾਪਸੀ 'ਤੇ 7-8 ਸਾਲਾਂ ਦਾ ਮੁੰਡਾ ਮਾਂ ਤੋਂ ਗੁੜ ਖੋਹਣ ਲਈ ਤਰਲੋ-ਮੱਛੀ ਹੋ ਰਿਹਾ ਸੀ। ਉਸ ਤੋਂ ਬਚਾਉਂਦਿਆਂ ਮਾਂ ਨੇ ਗੁੜ ਦੀ ਡਲੀ ਤੱਤੇ ਪਾਣੀ 'ਚ ਵਗਾਹੀ। ਮੁੰਡਾ ਡਲੀ 'ਤੇ ਗਿਰਝ ਵਾਂਗ ਝਪਟਿਆ ਤੇ ਲੁੱਡੀਆਂ ਪਾਉਂਦਾ ਇੰਝ ਨਿਕਲਿਆ ਜਿਵੇਂ ਕਾਰੂੰ ਦਾ ਖਜ਼ਾਨਾ ਹੱਥ ਲੱਗ ਗਿਆ ਹੋਵੇ। ਅੱਜ ਵੀ ਇਹ ਘਟਨਾ ਯਾਦ ਕਰ ਕੇ ਪਹਿਲਾਂ ਹਾਸਾ ਆਉਂਦਾ ਹੈ ਤੇ ਫੇਰ ਰੋਣਾ।



ਸ਼ਰੀਕੇ 'ਚੋਂ ਤਾਇਆ ਸੀ ਭਾਈ ਬਹਾਦਰ ਸਿੰਘ, ਬੇਹੱਦ ਮਖੌਲੀਆ, ਬੇਬਾਕ ਤੇ ਸਾਫ-ਦਿਲ ਗੁੰਥੀ। ਉਸ ਨੇ ਇਕ ਵਾਕਿਆ ਸੁਣਾਇਆ, 'ਅਹੀਂ ਇਕ ਘਰ ਪਾਠ ਧਰਿਆ। ਲੌਢੇ ਕੁ ਵੇਲੇ ਮਾਈ ਨੇ ਚਾਹ ਦਾ ਗੜਵਾ ਲਿਆ ਧਰਿਆ। ਕੌਲੀ ਲਾਹੀ ਤਾਂ ਉਹੀ ਕਾਲੀ-ਕਲੂਟੀ ਚਾਹ, ਜਿਸਦਾ ਡਰ ਸੀ। ਮੈਂ ਮਾਈ 'ਤੇ ਵਰ੍ਹਿਆ 'ਮਾਈ, ਤੂੰ 'ਖੰਡ-ਪਾਠ ਕਰਾਉਣੈਂ ਕਿ ਗੁੜ-ਪਾਠ? ਮਾਈ ਤ੍ਰਭਕੀ, 'ਨਾ ਭਾਈ ਜੀ ਨਾ, ਮੈਂ ਤਾਂ 'ਖੰਡ-ਪਾਠ ਕਰਾਉਣੈਂ ਸੁੱਖ ਨਾਲ ਪੋਤੇ ਦੀ ਸੁਖਣੈ।' ਮੈਂ ਕਿਹਾ, 'ਜੇ ਸੱਚੀ ਮੁੱਚੀ ਦਾ ਖੰਡ-ਪਾਠ ਈ ਕਰਾਉਣੈਂ ਤਾਂ ਦੋ ਵੱਟੀਆਂ ਖੰਡ ਦਾ ਜੁਗਾੜ ਵੀ ਕਰਨਾ ਪਊ।'

1976-77 'ਚ ਸਰਕਾਰੀ ਹਾਈ ਸਕੂਲ ਕਲਾਨੌਰ ਦਸਵੀਂ 'ਚ ਪੜ੍ਹਦੇ ਸਾਂ। ਮਾਸਟਰ ਇਕ ਮੁੰਡੇ ਦੇਵਾ ਸਿੰਘ ਤੋਂ ਇਹ ਗੀਤ ਵਾਰ-ਵਾਰ ਸੁਣਦੇ ਸਨ, 'ਪੰਜ ਰੁਪਈਏ ਕਿੱਲੋ ਗੁੜ ਤੇ ਦਸ ਰੁਪਈਏ ਖੰਡ, ਗਿਆਨੀ ਜ਼ੈਲ ਸਿਆਂ ਹੁਣ ਤੇ ਕਰ ਕੋਈ ਸੰਗ, ਗਿਆਨੀ....।' ਗਿਆਨੀ ਜੀ ਮੁੱਖ ਮੰਤਰੀ ਸਨ ਤੇ ਵਿਧਾਨ ਸਭਾ ਤੇ ਲੋਕ ਸਭਾ ਦੀਆਂ ਆਮ ਚੋਣਾਂ (ਇਕੱਠੀਆਂ) ਸਿਰ 'ਤੇ ਸਨ। ਐਮਰਜੈਂਸੀ, ਜਬਰੀ ਨਸਬੰਦੀ ਤੇ ਮਹਿੰਗੀ ਖੰਡ ਤੋਂ ਬਿਫਰੇ ਲੋਕਾਂ ਨੇ 'ਹੇਠਲੀ' ਤੇ 'ਉਤਲੀ' ਦੋਵਾਂ ਸਰਕਾਰਾਂ ਦੀ ਹੇਠਲੀ ਉੱਤੇ ਕਰ ਦਿੱਤੀ ਸੀ।

**ਸਿਹਤ ਲਈ ਦੁਸ਼ਮਣ ਹੈ ਖੰਡ**

ਦੇਸੀ ਤਰੀਕੇ ਨਾਲ ਬਣਿਆ ਗੁੜ ਸਿਹਤ ਵਰਧਕ ਹੈ ਤੇ ਮਸਨੂਈ ਢੰਗ ਨਾਲ ਬਣੀ ਖੰਡ ਸਿਹਤ ਲਈ ਦੁਸ਼ਮਣ ਹੈ। ਖਾਸਕਰ ਹੱਡੀਆਂ ਤੇ ਦੰਦਾਂ ਨੂੰ ਖੋਰਾ ਲਾਉਣ ਵਾਲੀ ਹੈ। ਸਾਡੇ ਪੁਰਖੇ ਭਾਵੇਂ ਖੰਡ ਨੂੰ ਤਰਸਦੇ ਰਹੇ ਪਰ ਦੰਦਾਂ ਦੀਆਂ ਖੋੜਾਂ ਤੇ ਦੁਖਦੇ ਜੋੜਾਂ ਦੀ ਜ਼ਹਿਮਤ ਤੋਂ ਸੁਰਖ਼ਰੂ ਰਹੇ। ਮਹਾਤਮਾ ਗਾਂਧੀ ਨੇ ਖੰਡ ਨੂੰ 'ਚਿੱਟਾ ਮਹੁਰਾ' ਦੱਸ ਕੇ ਸਾਨੂੰ ਪਹਿਲਾਂ ਹੀ ਖਬਰਦਾਰ ਕਰ ਦਿੱਤਾ ਸੀ। ਕੋਰੋਨਾ ਸੰਕਟ ਦੇ ਥਪੇੜੇ ਨੇ ਮਨੁੱਖ ਨੂੰ ਬਿਮਾਰੀ, ਦਵਾਈ, ਸਿਹਤ, ਖੁਰਾਕ ਤੇ ਇਮਿਊਨਿਟੀ (ਕੁਦਰਤੀ ਸਰੀਰਕ ਰੱਖਿਆ ਪ੍ਰਣਾਲੀ) ਸਬੰਧੀ ਸੋਚੀਂ ਪਾ ਦਿੱਤਾ ਹੈ। ਆਸ ਹੈ ਕਿ ਲੋਕਾਈ ਫਾਸਟ ਫੂਡ ਤੇ ਬਣਾਉਟੀ ਖਾਧ ਪਦਾਰਥਾਂ ਦਾ ਪੱਥਰ ਚੱਟ ਕੇ ਕੁਦਰਤੀ / ਦੇਸੀ ਖੁਰਾਕਾਂ ਵੱਲ ਪਰਤੇਗੀ। ਹੱਡੀਂ ਹੰਢਾਏ ਸੰਕਟ 'ਚੋਂ ਹੀ ਮੰਥਨ ਵਾਪਰਦਾ ਹੈ।

**ਜਗਦੀਸ਼ ਸਿੰਘ ਕਲਾਨੌਰ**
**ਮੋ. 98727-65490**

# ਬਹਾਰ ਰੁੱਤ ਦੀ ਮੱਕੀ ਦੀ ਕਾਸ਼ਤ ਅਤੇ ਪਾਣੀ ਦੀ ਬੱਚਤ ਲਈ ਉੱਤਮ ਤਕਨੀਕਾਂ

ਜਸਬੀਰ ਸਿੰਘ ਚਾਵਲਾ, ਮਹੇਸ਼ ਕੁਮਾਰ ਅਤੇ ਜਵਾਲਾ ਜਿੰਦਲ,
ਮੱਕੀ ਸੈਕਸ਼ਨ, ਪਲਾਂਟ ਬਰੀਡਿੰਗ ਅਤੇ ਜੈਨੇਟਿਕਸ ਵਿਭਾਗ, ਪੀ. ਏ. ਯੂ., ਲੁਧਿਆਣਾ



**ਪੰਜਾਬ ਵਿੱਚ ਬਹਾਰ ਰੁੱਤ ਦੀ ਮੱਕੀ ਦੀ ਕਾਸ਼ਤ ਆਲੂ ਦੀ ਫਸਲ ਤੋਂ ਬਾਅਦ ਫਸਲੀ ਚੱਕਰ ਦਾ ਅਹਿਮ ਹਿੱਸਾ ਬਣ ਚੁੱਕੀ ਹੈ । ਪਰ ਪੱਕਣ ਸਮੇਂ ਵਧੇਰੇ ਤਾਪਮਾਨ ਕਾਰਨ ਫਸਲ ਨੂੰ ਜ਼ਿਆਦਾ ਸਿੰਚਾਈ ਦੀ ਜ਼ਰੂਰਤ ਪੈਂਦੀ ਹੈ । ਫਸਲ ਦੀ ਸਮੇਂ ਸਿਰ, ਬੈੱਡਾਂ ਤੇ ਬਿਜਾਈ ਅਤੇ ਤੁਪਕਾ ਸਿੰਚਾਈ ਰਾਹੀਂ ਪਾਣੀ ਦੀ ਬੱਚਤ ਕੀਤੀ ਜਾ ਸਕਦੀ ਹੈ । ਬਹਾਰ ਰੁੱਤ ਦੀ ਸਫਲ ਕਾਸ਼ਤ ਲਈ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਸਿਫਾਰਸ਼ ਤਰੀਕੇ ਅਪਨਾਉਣ ਦੀ ਲੋੜ ਹੈ ।**

**ਬਿਜਾਈ ਦਾ ਢੰਗ : ਵੱਟਾਂ ਤੇ ਬਿਜਾਈ** : ਮੱਕੀ ਦੀ ਬਿਜਾਈ ਪੂਰਬ-ਪੱਛਮ ਵੱਲ 60 ਸੈਂਟੀਮੀਟਰ ਦੀ ਵਿੱਥ ਤੇ ਵੱਟਾਂ ਬਣਾ ਕੇ, ਉਹਨਾਂ ਦੇ ਦੱਖਣ ਵਾਲੇ ਪਾਸੇ, 6 ਤੋਂ 7 ਸੈਂਟੀਮੀਟਰ ਦੀ ਉਚਾਈ ਤੇ ਬੂਟੇ ਤੋਂ ਬੂਟੇ ਦਾ ਫਾਸਲਾ 20 ਸੈਂਟੀਮੀਟਰ ਰੱਖ ਕੇ ਕਰੋ ਤਾਂ ਜੋ ਸੂਰਜ ਦੀ ਊਰਜਾ/ਵੱਧ ਤੋਂ ਵੱਧ ਪ੍ਰਾਪਤ ਹੋ ਸਕੇ ।

**ਬੈੱਡ ਤੇ ਬਿਜਾਈ** : ਇਸੇ ਤਰ੍ਹਾਂ ਪੂਰਬ-ਪੱਛਮ ਵੱਲ 67.5 ਸੈਂਟੀਮੀਟਰ ਦੀ ਵਿੱਥ ਤੇ ਬੈੱਡ ਬਣਾ ਕੇ, ਉਹਨਾਂ ਦੇ ਦੱਖਣ ਵਾਲੇ ਪਾਸੇ ਬੂਟੇ ਤੋਂ ਬੂਟੇ ਦਾ ਫਾਸਲਾ 18 ਸੈਂਟੀਮੀਟਰ ਰੱਖ ਕੇ ਵੀ ਕੀਤੀ ਜਾ ਸਕਦੀ ਹੈ । ਬੈੱਡ ਬਣਾਉਣ ਲਈ ਕਣਕ ਵਾਲੇ ਬੈੱਡ ਪਲਾਂਟਰ ਦੀ ਵਰਤੋਂ ਕੀਤੀ ਜਾ ਸਕਦੀ ਹੈ । ਬੈੱਡਾਂ ਤੇ ਬਿਜਾਈ ਕਰਨ ਨਾਲ ਪਾਣੀ ਦੀ ਵੀ ਬੱਚਤ ਹੁੰਦੀ ਹੈ ।

**ਸਿੰਚਾਈ ਪ੍ਰਬੰਧ** : ਪਾਣੀ ਦੀ ਸੁਚੱਜੀ ਵਰਤੋਂ ਬਹਾਰ ਰੁੱਤ ਦੀ ਕਾਸ਼ਤ ਦਾ ਮੁੱਖ ਮੁੱਦਾ ਹੈ । ਫਸਲ ਦੀ ਅਵਸਥਾ ਅਤੇ ਮੌਸਮ ਦੇ ਹਿਸਾਬ ਨਾਲ ਹੀ ਪਾਣੀ ਦੀ ਵਰਤੋਂ ਕਰਨੀ ਚਾਹੀਦੀ ਹੈ । ਬਹਾਰ ਰੁੱਤ ਦੀ ਮੱਕੀ ਵਿੱਚ ਤੁਪਕਾ ਸਿੰਚਾਈ ਵਿਧੀ ਨੂੰ ਅਪਨਾ ਕੇ ਵੀ ਪਾਣੀ ਦੀ ਬੱਚਤ ਕੀਤੀ ਜਾ ਸਕਦੀ ਹੈ । ਤੁਪਕਾ ਸਿੰਚਾਈ ਵਿਧੀ ਲਈ 120 ਸੈਂਟੀਮੀਟਰ ਹੇਠਲੇ ਪਾਸੇ ਅਤੇ 80 ਸੈਂਟੀਮੀਟਰ ਉੱਪਰੋਂ ਚੌੜੇ ਬੈੱਡ ਬਣਾਓ । ਇਹਨਾਂ ਤੇ 60 ਸੈਂਟੀਮੀਟਰ ਦੀ ਦੂਰੀ ਤੇ ਮੱਕੀ ਦੀਆਂ ਦੋ ਲਾਈਨਾਂ ਵਿੱਚ ਬੂਟੇ ਤੋਂ ਬੂਟੇ ਦਾ ਫਾਸਲਾ 20 ਸੈਂਟੀਮੀਟਰ ਰੱਖ ਕੇ ਬੀਜੋ । ਮੱਕੀ ਦੀਆਂ ਇਹਨਾਂ ਦੋ ਲਾਈਨਾਂ ਵਿੱਚ ਇਕ ਡਰਿੱਪ ਲਾਈਨ ਦੀ ਵਰਤੋਂ ਕਰੋ, ਇਸ ਵਿੱਚ ਡਰਿੱਪਰ ਤੋਂ ਡਰਿੱਪਰ ਦਾ ਫਾਸਲਾ 30 ਸੈਂਟੀਮੀਟਰ ਹੋਵੇ । ਜੇ ਡਿਸਚਾਰਜ 2.2 ਲੀਟਰ ਪ੍ਰਤੀ ਘੰਟਾ ਪ੍ਰਤੀ ਡਰਿਪਰ ਹੋਵੇ ਤਾਂ ਸਿੰਚਾਈ ਦਾ ਸਮਾਂ ਫਰਵਰੀ, ਮਾਰਚ, ਅਪ੍ਰੈਲ ਅਤੇ ਮਈ ਵਿੱਚ ਕ੍ਰਮਵਾਰ 22, 64, 120 ਅਤੇ 130 ਮਿੰਟ ਰੱਖੋ । ਕਿਉਂਕਿ ਤਾਪਮਾਨ ਵੱਧਣ ਦੇ ਨਾਲ ਨਾਲ ਫਸਲ ਨੂੰ ਅਪ੍ਰੈਲ ਅਤੇ ਮਈ ਮਹੀਨੇ ਵਿੱਚ ਪਾਣੀ ਦੀ ਲੋੜ ਵੱਧ ਹੁੰਦੀ ਹੈ । ਡਿਸਚਾਰਜ ਰੇਟ ਦੇ ਹਿਸਾਬ ਨਾਲ ਸਿੰਚਾਈ ਦਾ ਸਮਾਂ ਹੇਠ ਲਿਖੇ ਫਾਰਮੂਲੇ ਨਾਲ ਕੱਢਿਆ ਜਾ ਸਕਦਾ ਹੈ ।

= 2.2 × ਸਿੰਚਾਈ ਦਾ ਸਮਾਂ (ਮਿੰਟ/ਡਿਸਚਾਰਜ ਰੇਟ (ਲੀਟਰ ਪ੍ਰਤੀ ਘੰਟਾ)

ਪਹਿਲਾਂ ਪਾਣੀ ਬਿਜਾਈ ਦੇ 25-30 ਦਿਨਾਂ ਬਾਅਦ ਲਾਉ । ਇਸ ਤੋਂ ਬਾਅਦ 10 ਅਪ੍ਰੈਲ ਤੱਕ 2 ਹਫਤੇ ਦੇ ਵਕਫੇ ਤੇ ਅਤੇ ਫਸਲ ਪੱਕਣ ਤੱਕ ਇਕ ਹਫਤੇ ਦੇ ਵਕਫੇ ਤੇ ਪਾਣੀ ਲਾਉਂਦੇ ਰਹੋ । ਸੂਤ ਕੱਤਣ ਅਤੇ ਦਾਣੇ ਪੈਣ ਦੇ ਸਮੇਂ ਦੌਰਾਨ ਫਸਲ ਨੂੰ ਪਾਣੀ ਦੀ ਘਾਟ ਨਹੀਂ ਆਉਣ ਦੇਣੀ ਚਾਹੀਦੀ । ਕਿਉਂਕਿ ਮੱਕੀ ਨੂੰ ਬੂਰ ਪੈਣ ਅਤ ਸੂਤ ਕੱਤਣ ਸਮੇਂ ਜੇ ਤਾਪਮਾਨ ਵੱਧ ਜਾਵੇ ਤਾਂ ਬੂਰ ਸੁੱਕਣ ਕਾਰਨ ਪਰ-ਪਰਾਗਣ ਕ੍ਰਿਆ ਵਿੱਚ ਰੁਕਾਵਟ ਪੈ ਜਾਂਦੀ ਹੈ । ਇਸ ਕਰਕੇ ਦਾਣੇ ਘੱਟ ਪੈਂਦੇ ਹਨ ਅਤੇ ਝਾੜ ਘੱਟ ਜਾਂਦਾ ਹੈ । ਪਿਛੇਤੀ ਬਿਜਾਈ ਦੀ ਫਸਲ ਵਿੱਚ ਇਹ ਖਤਰਾ ਜ਼ਿਆਦਾ ਰਹਿੰਦਾ ਹੈ ।



**ਜ਼ਿਆਦਾ ਝਾੜ ਦੇਣ ਵਾਲੀਆਂ ਉੱਨਤ ਕਿਸਮਾਂ** : ਬਹਾਰ ਰੁੱਤ ਵਿਚ ਵਧੇਰੇ ਝਾੜ ਦੇਣ ਵਾਲੀਆਂ ਦੋਗਲੀਆਂ ਕਿਸਮਾਂ ਪੀ ਐੱਮ ਐਚ-10, ਪੀ ਐੱਮ ਐਚ-8, ਪੀ ਐੱਮ ਐਚ-7, ਪੀ ਐੱਮ ਐਚ-1, ਡੀ ਕੇ ਸੀ-9108 ਅਤੇ ਪੀ-1844 ਦੀ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਸਿਫਾਰਿਸ਼ ਕੀਤੀ ਗਈ ਹੈ ।

ਪੀ.ਏ.ਯੂ. ਦੀ ਸਲਾਹ ਨਾਲ ਇਹਨਾਂ ਕਿਸਮਾਂ ਦਾ ਦੋਗਲਾ ਬੀਜ (ਪੀ-1844 ਅਤੇ ਡੀ ਕੇ ਸੀ-9108 ਨੂੰ ਛੱਡ ਕੇ) ਕਿਸਾਨ ਵੀਰ ਖੁੱਦ ਤਿਆਰ ਕਰ ਕੇ ਬਹਾਰ ਰੁੱਤ ਦੀ ਮੱਕੀ ਨੂੰ ਹੋਰ ਲਾਹੇਵੰਦ ਬਣਾ ਸਕਦੇ ਹਨ । ਦੋਗਲਾ ਬੀਜ ਬਣਾਉਣ ਲਈ ਨਰ ਅਤੇ ਮਾਦਾ ਲਾਈਨਾਂ ਕਿਸਾਨ ਵੀਰਾਂ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿੱਚ ਆਸਾਨੀ ਨਾਲ ਉਪਲੱਬਧ ਹਨ ।

**ਬਿਜਾਈ ਦਾ ਸਮਾਂ** : ਬਹਾਰ ਰੁੱਤ ਦੀ ਫਸਲ ਤੋਂ ਜ਼ਿਆਦਾ ਝਾੜ ਲੈਣ ਲਈ, ਇਸ ਦੀ ਬਿਜਾਈ 20 ਜਨਵਰੀ ਤੋਂ 15 ਫਰਵਰੀ ਤੱਕ ਕਰ ਲੈਣੀ ਚਾਹੀਦੀ ਹੈ । ਪਿਛੇਤੀ ਬਿਜਾਈ ਕਰਨ ਨਾਲ ਝਾੜ ਉੱਤੇ ਮਾੜਾ ਅਸਰ ਪੈਂਦਾ ਹੈ । ਕਿਉਂਕਿ ਪਿਛੇਤੀ ਫਸਲ ਤੇ ਸ਼ਾਖ ਦੀ ਮੱਖੀ ਦਾ ਹਮਲਾ ਜ਼ਿਆਦਾ ਹੁੰਦਾ ਹੈ ਅਤੇ ਜਦੋਂ ਮੱਕੀ ਬੂਰ ਅਤੇ ਸੂਤ ਕੱਤਦੀ ਹੈ ਤਾਂ ਤਾਪਮਾਨ ਵੱਧ ਹੋਣ ਕਾਰਨ ਬੂਰ ਸੁੱਕ ਜਾਂਦਾ ਹੈ । ਇਸ ਨਾਲ ਪਰ-ਪਰਾਗਣ ਕ੍ਰਿਆ ਵਿੱਚ ਰੁਕਾਵਟ ਪੈ ਜਾਂਦੀ ਹੈ । ਜਿਸ ਕਾਰਣ ਦਾਣੇ ਘੱਟ ਪੈਂਦੇ ਹਨ ਅਤੇ ਝਾੜ ਘੱਟ ਜਾਂਦਾ ਹੈ । ਜਨਵਰੀ ਦੇ ਸ਼ੁਰੂ ਵਿੱਚ ਤਾਪਮਾਨ ਘੱਟ ਹੋਣ ਕਰਕੇ ਜ਼ਿਆਦਾ ਅਗੇਤੀ ਬਿਜਾਈ ਨਾਲ ਫਸਲ ਦੇ ਪੁੰਗਾਰ ਦਾ ਸਮਾਂ ਵੱਧ ਜਾਂਦਾ ਹੈ ਅਤੇ ਪੁੰਗਾਰ ਘੱਟ ਸਕਦਾ ਹੈ ।

**ਬੀਜ ਦੀ ਮਾਤਰਾ ਅਤੇ ਸੋਧ** : ਵਧੇਰੇ ਝਾੜ ਲੈਣ ਲਈ 10 ਕਿਲੋ ਬੀਜ ਪ੍ਰਤੀ ਏਕੜ ਦੀ ਵਰਤੋਂ ਕਰਨੀ ਚਾਹੀਦੀ ਹੈ । ਬਹਾਰ ਰੁੱਤ ਦੀ ਮੱਕੀ ਦੀ ਸਫਲ ਕਾਸ਼ਤ ਵਿੱਚ ਬੀਜ ਦੀ ਸੋਧ ਦਾ ਅਹਿਮ ਯੋਗਦਾਨ ਹੈ, ਕਿਉਂਕਿ ਇਸ ਨਾਲ ਮੁੱਖ ਕੀੜੇ ਸ਼ਾਖ ਦੀ ਮੱਖੀ ਦੀ ਕਾਰਗਰ ਰੋਕਥਾਮ ਹੋ ਜਾਂਦੀ ਹੈ । ਬੀਜ ਨੂੰ ਕੀੜੇਮਾਰ ਦਵਾਈ ਗਾਚੋ (ਇਮਿਡਾਕਲੋਪਰਿਡ) 600 ਐੱਫ ਐੱਸ 6 ਮਿਲੀਲਿਟਰ ਪ੍ਰਤੀ ਕਿਲੋ ਦੇ ਹਿਸਾਬ ਨਾਲ ਸੋਧੋ । ਕੀਟਨਾਸ਼ਕ ਨੂੰ ਪਾਣੀ ਵਿੱਚ ਮਿਲਾ ਕੇ ਲੇਟੀ ਬਣਾਉ ਅਤੇ ਚੰਗੀ ਤਰ੍ਹਾਂ ਬੀਜ ਵਿੱਚ ਰਲਾ ਦਿਉ ਬੀਜ ਨੂੰ ਇਸ ਤਰ੍ਹਾਂ ਸੋਧੋ ਕੇ ਹਰ ਇਕ ਬੀਜ ਉੱਤੇ ਪਰਤ ਬਣ ਜਾਵੇ । ਸੋਧੇ ਹੋਏ ਬੀਜ ਨੂੰ 14 ਦਿਨਾਂ ਦੇ ਅੰਦਰ ਅੰਦਰ ਹੀ ਵਰਤਣਾ ਚਾਹੀਦਾ ਹੈ ।

**ਖਾਦਾਂ ਦੀ ਵਰਤੋਂ** : ਮੱਕੀ ਦੀ ਫਸਲ ਖੁਰਾਕੀ ਤੱਤਾਂ ਨੂੰ ਬਹੁਤ ਮੰਨਦੀ ਹੈ । ਪਰ ਫਸਲ ਵਿੱਚ ਖਾਦਾਂ ਦੀ ਵਰਤੋਂ ਮਿੱਟੀ ਦੀ ਪਰਖ ਦੇ ਆਧਾਰ ਅਤੇ ਫਸਲ ਚੱਕਰ ਦੇ ਮੱਦੇ ਨਜ਼ਰ ਹੀ ਕਰੋ । ਮੱਕੀ ਦੀ ਫਸਲ ਵਿਚ ਰੂੜੀ ਦੀ ਗਲੀ-ਸੜੀ ਖਾਦ 6 ਟਨ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉਣੀ ਚਾਹੀਦੀ ਹੈ । ਮੱਕੀ ਦੀਆਂ ਲੰਬੇ ਸਮੇਂ ਵਾਲੀਆਂ ਕਿਸਮਾਂ ਜਿਵੇਂ ਕਿ ਪੀ ਐਮ ਐਚ-10, ਪੀ 1844, ਡੀ ਕੇ ਸੀ-9108, ਪੀ ਐਮ ਐਚ-1 ਅਤੇ ਪੀ ਐਮ ਐਚ-8 ਲਈ 110 ਕਿਲੋ ਯੂਰੀਆ, 150 ਕਿਲੋ ਸੁਪਰ ਫਾਸਫੇਟ ਜਾਂ 55 ਕਿਲੋ ਡੀ. ਏ. ਪੀ. ਖਾਦ ਅਤੇ 20 ਕਿਲੋ ਮਿਊਰੇਟ ਆਫ ਪੋਟਾਸ਼ ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤੋਂ ਕਰੋ । ਘਟ ਸਮਾਂ ਲੈਣ ਵਾਲੀਆਂ ਕਿਸਮ ਪੀ ਐਮ ਐਚ 7 ਲਈ ਇਹਨਾਂ ਖਾਦਾਂ ਦੀ ਵਰਤੋਂ ਕ੍ਰਮਵਾਰ ਪ੍ਰਤੀ ਏਕੜ 75, 75 ਜਾਂ 27 ਅਤੇ 15 ਕਿਲੋ ਦੇ ਹਿਸਾਬ ਨਾਲ ਕਰੋ । ਲੋੜ ਪੈਣ ਤੇ ਜ਼ਿੰਕ ਦੀ ਘਾਟ ਨੂੰ ਪੂਰਾ ਕਰਨ ਲਈ 10 ਕਿਲੋ ਜ਼ਿੰਕ ਸਲਫੇਟ ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤੋਂ ਕੀਤੀ ਜਾ ਸਕਦੀ ਹੈ । ਇਹਨਾਂ ਖਾਦਾਂ ਦਾ ਪੂਰਾ ਫਾਇਦਾ ਲੈਣ ਲਈ ਸਾਰੀ ਫਾਸਫੋਰਸ, ਪੋਟਾਸ਼ ਅਤੇ ਤੀਜਾ ਹਿੱਸਾ ਨਾਈਟਰੋਜਨ ਵਾਲੀ ਖਾਦ ਬਿਜਾਈ ਸਮੇਂ ਪਾਉ । ਬਾਕੀ ਰਹਿੰਦੀ ਨਾਈਟਰੋਜਨ ਵਾਲੀ ਖਾਦ ਦੋ ਹਿੱਸਿਆਂ ਵਿੱਚ ਪਾਉ । ਇਕ ਹਿੱਸਾ ਉਸ ਵੇਲੇ ਪਾਉ ਜਦੋਂ ਫਸਲ ਗੋਡੇ-ਗੋਡੇ ਹੋ ਜਾਵੇ ਅਤੇ ਦੂਸਰਾ ਹਿੱਸਾ ਬੂਰ ਪੈਣ ਤੋਂ ਪਹਿਲਾਂ ਪਾ ਦਿਉ ।

**ਨਦੀਨਾਂ ਦੀ ਰੋਕਥਾਮ** : ਨਦੀਨ ਫਸਲ ਵਿੱਚ ਪਾਣੀ, ਖੁਰਾਕੀ ਤੱਤਾਂ, ਰੌਸ਼ਨੀ ਆਦਿ ਲਈ ਮੁਕਾਬਲਾ ਕਰਦੇ ਹਨ । ਪੂਰਾ ਝਾੜ ਲੈਣ ਲਈ ਸ਼ੁਰੂਆਤੀ 4-6 ਹਫਤੇ ਤੱਕ ਮੱਕੀ ਨੂੰ ਨਦੀਨਾਂ ਤੋਂ ਬਚਾਉਣਾ ਜ਼ਿਆਦਾ ਜ਼ਰੂਰੀ ਹੈ । ਦਰਮਿਆਨੀਆਂ ਤੋਂ ਭਾਰੀਆਂ ਜ਼ਮੀਨਾਂ ਲਈ ਫਸਲ ਉੱਗਣ ਤੋਂ ਪਹਿਲਾਂ 800 ਗ੍ਰਾਮ ਐਟਰਾਟਾਫ 50 ਡਬਲਯੂ. ਪੀ.(ਐਟਰਾਜੀਨ) ਪ੍ਰਤੀ ਏਕੜ ਅਤੇ ਹਲਕੀਆਂ ਜ਼ਮੀਨਾਂ ਵਿੱਚ 500 ਗ੍ਰਾਮ ਪ੍ਰਤੀ ਏਕੜ ਦੇ ਹਿਸਾਬ ਨਾਲ ਬਿਜਾਈ ਤੋਂ 10 ਦਿਨਾਂ ਦੇ ਅੰਦਰ ਅੰਦਰ 200 ਲਿਟਰ ਪਾਣੀ ਵਰਤ ਕੇ ਛਿੜਕਾਅ ਕਰਨ ਨਾਲ ਨਦੀਨਾਂ ਉੱਤੇ ਚੰਗੀ ਤਰ੍ਹਾਂ ਕਾਬੂ ਪਾਇਆ ਜਾ ਸਕਦਾ ਹੈ । ਇਹ ਨਦੀਨ-ਨਾਸ਼ਕ ਘਾਹ ਜਾਤੀ ਅਤੇ ਚੌੜੇ ਪੱਤੇ ਵਾਲੇ ਨਦੀਨਾਂ ਦੀ ਰੋਕਥਾਮ ਕਰਦੀ ਹੈ । ਨਦੀਨਾਂ ਦੇ ਅਸਰਦਾਰ ਰੋਕਥਾਮ ਲਈ ਪਾਣੀ ਦੀ ਸਿਫਾਰਿਸ਼ ਮਾਤਰਾ ਵਿਚ ਵਰਤੋਂ ਕਰਨੀ ਜ਼ਰੂਰੀ ਹੈ । ਨਦੀਨਾਂ ਦੀ ਸਹੀ ਸਮੇਂ ਰੋਕਥਾਮ ਨਾਲ ਫਸਲ ਨੂੰ ਪਾਏ ਖੁਰਾਕੀ ਤੱਤਾਂ ਅਤੇ ਪਾਣੀ ਦਾ ਭਰਪੂਰ ਲਾਭ ਹੁੰਦਾ ਹੈ । ਕੀੜੇ ਅਤੇ ਬਿਮਾਰੀਆਂ- ਸ਼ਾਖ ਦੀ ਮੱਖੀ-ਇਹ ਬਹਾਰ ਰੁੱਤ ਦੀ ਫਸਲ ਦਾ ਬਹੁਤ ਨੁਕਸਾਨ ਕਰਦੀ ਹੈ । ਇਹ ਆਮ ਤੌਰ ਕੇ ਛੋਟੀ ਫਸਲ (4-10 ਦਿਨ) ਤੇ ਹਮਲਾ ਕਰ ਕੇ ਬੂਟਿਆਂ ਨੂੰ ਸੁਕਾ ਦਿੰਦੀ ਹੈ ਅਤੇ ਵੱਡੀ ਫਸਲ ਉੱਪਰ ਹਮਲੇ ਕਾਰਣ ਬੂਟੇ ਬੇਢੱਬੇ ਅਤੇ ਝੁਰੜ-ਮੁਰੜ ਹੋ ਜਾਂਦੇ ਹਨ । ਇਸ ਦੀ ਰੋਕਥਾਮ ਲਈ ਗਾਚੋ ਨਾਲ ਬੀਜ ਦੀ ਸੋਧ ਆਸਾਨ ਅਤੇ ਕਾਰਗਰ ਢੰਗ ਹੈ । ਹਮਲੇ ਤੋਂ ਬਾਅਦ ਫਸਲ ਦੇ ਨੁਕਸਾਨ ਨੂੰ ਕੀਟਨਾਸ਼ਕਾਂ ਦੀ ਸਪਰੇਅ ਕਰਕੇ ਅਸਰਦਾਰ ਢੰਗ ਨਾਲ ਨਹੀਂ ਰੋਕਿਆ ਜਾ ਸਕਦਾ ।

**ਫਾਲ ਆਰਮੀਵਰਮ** : ਇਹ ਮੱਕੀ ਦੀ ਫਸਲ ਦਾ ਇਕ ਨਵਾਂ ਕੀੜਾ ਹੈ ਅਤੇ ਇਸ ਦੀ ਸੁੰਡੀ ਮੁੱਖ ਤੌਰ ਤੇ ਫਸਲ ਨੂੰ ਨੁਕਸਾਨ ਪਹੁੰਚਾਉਂਦੀ ਹੈ । ਛੋਟੀਆਂ ਸੁੰਡੀਆਂ ਪੱਤਿਆਂ ਨੂੰ ਖੁਰਚ ਕੇ ਖਾਂਦੀਆਂ ਹਨ ਅਤੇ ਵੱਡੀਆਂ ਸੁੰਡੀਆਂ ਗੋਭ ਦੇ ਪੱਤੇ ਵਿੱਚ ਗੋਲ ਤੋਂ ਅੰਡਾਕਾਰ ਮੋਰੀਆਂ ਬਣਾਉਂਦੀਆਂ ਹਨ । ਜੇਕਰ ਸਹੀ ਸਮੇਂ ਤੇ ਰੋਕਥਾਮ ਨਾ ਕੀਤੀ ਜਾਵੇ ਤਾਂ ਸੁੰਡੀਆਂ ਗੋਭ ਨੂੰ ਲਗਭਗ ਪੂਰੀ ਤਰ੍ਹਾਂ ਖਾ ਕੇ ਇਸ ਵਿੱਚ ਭਾਰੀ ਮਾਤਰਾ ਵਿੱਚ ਵਿੱਠਾਂ ਕਰਦੀਆਂ ਹਨ । ਇਸ ਸੁੰਡੀ ਦੀ ਪਛਾਣ ਇਸ ਦੇ ਸਿਰ ਵਾਲੇ ਪਾਸੇ ਚਿੱਟੇ ਰੰਗ ਅੰਗਰੇਜ਼ੀ ਅੱਖਰ Y ਦੇ ਉਲਟੇ ਨਿਸ਼ਾਨ ਅਤੇ ਪਿਛਲੇ ਸਿਰੇ ਦੇ ਲਾਗੇ ਚੌਰਸ ਆਕਾਰ ਚਾਰ ਬਿੰਦੂਆਂ ਤੋਂ ਹੁੰਦੀ ਹੈ ।

**ਰੋਕਥਾਮ :**

★ ਇਸ ਕੀੜੇ ਦੇ ਵਾਧੇ ਅਤੇ ਫੈਲਾਅ ਨੂੰ ਸੀਮਿਤ ਕਰਨ ਲਈ ਬਹਾਰ ਰੁੱਤ ਦੀ ਮੱਕੀ ਦੀ ਬਿਜਾਈ ਸਿਫਾਰਸ਼ ਸਮੇਂ 20 ਜਨਵਰੀ ਤੋਂ 15 ਫਰਵਰੀ ਤੱਕ ਹੀ ਕਰੋ । ਨਾਲ ਲਗਦੇ ਖੇਤਾਂ ਵਿੱਚ ਮੱਕੀ ਦੀ ਬਿਜਾਈ ਥੋੜ੍ਹੇ-ਥੋੜ੍ਹੇ ਵਕਫੇ ਤੇ ਨਾ ਕਰੋ ਤਾਂ ਜੋ ਕੀੜੇ ਦਾ ਫਲਾਅ ਘਟਾਇਆ ਜਾ ਸਕੇ ।

★ ਕੀੜੇ ਦੀ ਅਸਰਦਾਰ ਰੋਕਥਾਮ ਲਈ ਸਹੀ ਮਿਕਦਾਰ ਅਤੇ ਸਹੀ ਢੰਗ ਨਾਲ ਕੀਟਨਾਸ਼ਕ ਦਾ ਛਿੜਕਾਅ ਬਹੁਤ ਜ਼ਰੂਰੀ ਹੈ । 0.4 ਮਿਲੀਲਿਟਰ ਕੋਰਾਜ਼ਨ 18.5 ਐੱਸ ਸੀ (ਕਲੋਰਐਂਟਰਾਨਿਲੀਪਰੋਲ) ਜਾਂ 0.5 ਮਿਲੀਲਿਟਰ ਡੈਲੀਗੇਟ 11.7 ਐਸ ਸੀ (ਸਪਾਈਨਟੋਰਮ) ਜਾਂ 0.4 ਗ੍ਰਾਮ ਮਿਜ਼ਾਈਲ 5 ਐਸ ਜੀ (ਐਮਾਮੈਕਟਿਨ ਬੈਂਜ਼ੋਏਟ) ਨੂੰ ਪ੍ਰਤੀ ਲਿਟਰ ਪਾਣੀ ‘ਚ ਘੋਲ ਕੇ ਛਿੜਕਾਅ ਕਰੋ । 20 ਦਿਨਾਂ ਤੱਕ ਦੀ ਫਸਲ ਲਈ 120 ਲਿਟਰ ਪਾਣੀ ਪ੍ਰਤੀ ਏਕੜ ਵਰਤੋ । ਇਸ ਤੋਂ ਬਾਅਦ, ਫਸਲ ਦੇ ਵਾਧੇ ਅਨੁਸਾਰ ਪਾਣੀ ਦੀ ਮਾਤਰਾ 200 ਲਿਟਰ ਪ੍ਰਤੀ ਏਕੜ ਤੱਕ ਵਧਾਉ ਪਰ ਧਿਆਨ ਰੱਖੋ ਕਿ ਪਾਣੀ ਦੇ ਨਾਲ-ਨਾਲ ਉੱਪਰ ਦੱਸੇ ਕੀਟਨਾਸ਼ਕਾਂ ਦੀ ਮਾਤਰਾ ਵੀ ਉਸੇ ਅਨੁਪਾਤ ਵਿੱਚ ਵਧਾਉ । ਕੀੜੇ ਦੀ ਕਾਰਗਰ ਰੋਕਥਾਮ ਲਈ ਛਿੜਕਾਅ ਮੱਕੀ ਦੀ ਗੋਭ ਵੱਲ ਨੂੰ ਕਰੋ ।

ਮੁੱਖ ਬਿਮਾਰੀਆਂ ਵਿਚੋਂ ਬੀਜ ਗਲਣਾ ਅਤੇ ਪੁੰਗਾਰ ਦੇ ਝੁਲਸ ਰੋਗ ਨਾਲ ਫਸਲ ਦਾ ਜੰਮ ਮਾੜਾ ਹੋ ਜਾਂਦਾ ਹੈ, ਪੌਦੇ ਕਮਜ਼ੋਰ ਅਤੇ ਮਰ ਜਾਂਦੇ ਹਨ । ਇਸ ਲਈ ਹਮੇਸ਼ਾ ਨਰੋਏ ਬੀਜ ਦੀ ਹੀ ਵਰਤੋਂ ਕਰੋ । ਪਿਛੇਤਾ ਮੁਰਝਾਉਣ ਰੋਗ ਨਾਲ ਟਾਂਡੇ ਗਲਣ ਕਾਰਨ ਫੁੱਲ ਨਿਕਲਣ ਤੋਂ ਬਾਅਦ ਪੌਦਾ ਮੁਰਝਾ ਜਾਂਦਾ ਹੈ । ਇਸ ਦੀ ਰੋਕਥਾਮ ਲਈ ਫਸਲ ਨੂੰ ਪਾਣੀ ਦੀ ਘਾਟ ਨਾ ਆਉਣ ਦਿਉ ਅਤੇ ਬਿਮਾਰੀ ਨੂੰ ਸਹਿਣ ਕਰਨ ਵਾਲੀ ਕਿਸਮ ਪੀ ਐਮ ਐਚ-10 ਦੀ ਕਾਸ਼ਤ ਕਰੋ ।

**ਫਸਲ ਦੀ ਵਾਢੀ ਅਤੇ ਦਾਣੇ ਕੱਢਣਾ** : ਛੱਲੀਆਂ ਦੇ ਪਰਦੇ ਸੁੱਕ ਜਾਣ ਅਤੇ ਦਾਣੇ ਪੱਕ ਕੇ ਸਖਤ ਹੋ ਜਾਣ ਤਾਂ ਫਸਲ ਦੀ ਵਾਢੀ ਕਰ ਲੈਣੀ ਚਾਹੀਦੀ ਹੈ, ਭਾਵੇਂ ਬੂਟਾ ਅਤੇ ਕੁੱਝ ਪੱਤੇ ਅਜੇ ਹਰੇ ਹੀ ਹੋਣ । ਇਹਨਾਂ ਹਰੇ ਬੂਟਿਆਂ ਨੂੰ ਚਾਰੇ ਵਾਸਤੇ ਵਰਤਿਆ ਜਾ ਸਕਦਾ ਹੈ । ਖੇਤ ਛੇਤੀ ਖਾਲੀ ਕਰਨ ਲਈ ਟਾਂਡਿਆਂ ਨੂੰ ਛੱਲੀਆਂ ਸਮੇਤ ਵੱਢ ਕੇ ਖੇਤ ਦੇ ਇਕ ਪਾਸੇ ਮੁਹਾਰੇ ਲਾਏ ਜਾ ਸਕਦੇ ਹਨ । ਛੱਲੀਆਂ ਦੇ ਚੰਗੀ ਤਰ੍ਹਾਂ ਸੁੱਕ ਜਾਣ ਤੇ ਹੀ ਦਾਣੇ ਕੱਢੋ । ਦਾਣੇ ਕੱਢਣ ਲਈ ਹੱਥ ਨਾਲ ਚੱਲਣ ਵਾਲੇ ਅਤੇ ਬਿਜਲੀ ਜਾਂ ਮੋਟਰ ਨਾਲ ਚੱਲਣ ਵਾਲੇ ਸ਼ੈਲਰ ਜਾਂ ਸ਼ੈਲਰ ਕਮ ਡੀਹਸਕਰ ਬਜ਼ਾਰ ਵਿੱਚ ਮਿਲਦੇ ਹਨ । ਮੰਡੀਕਰਨ ਤੋਂ ਪਹਿਲਾਂ ਵੱਧ ਮੁੱਲ ਲੈਣ ਲਈ ਦਾਣਿਆਂ ਨੂੰ ਸੁੱਕਾ ਲੈਣਾ ਚਾਹੀਦਾ ਹੈ । ਪੀ. ਏ. ਯੂ. ਵਲੋਂ ਤਿਆਰ ਛੋਟੇ ਸੀਡ ਡਰਾਇਰ (ਤਿੰਨ ਟਨ ਵਾਲੇ) ਨੂੰ ਵੀ ਕਿਸਾਨ ਵੀਰ ਅਪਣਾ ਸਕਦੇ ਹਨ । ਇਸ ਤੋਂ ਇਲਾਵਾ ਅੱਜ-ਕੱਲ ਕੰਬਾਇਨ ਨਾਲ ਵਾਢੀ ਦਾ ਰੁਝਾਨ ਵੀ ਵੱਧ ਰਿਹਾ ਹੈ । ਬਹਾਰ ਰੁੱਤ ਵਿੱਚ ਹਰੀਆਂ ਛੱਲੀਆਂ ਦਾ ਢੁੱਕਵਾਂ ਮੰਡੀਕਰਨ ਕਰਕੇ ਇਸ ਨੂੰ ਹੋਰ ਲਾਹੇਵੰਦ ਬਣਾਇਆ ਜਾ ਸਕਦਾ ਹੈ । ਕਿਉਂਕਿ ਛੱਲੀਆਂ ਦੇ ਤਿਆਰ ਹੋਣ ਸਮੇਂ ਬਾਕੀ ਚਾਰਾ ਫਸਲਾਂ ਦੀ ਘਾਟ ਕਰਕੇ ਹਰੇ ਟਾਂਡਿਆਂ ਦਾ ਵੀ ਚੰਗਾ ਮੁੱਲ ਮਿਲ ਜਾਂਦਾ ਹੈ ।

**ਪਿਛਲੇ ਕੁਝ ਸਾਲਾਂ ਤੋਂ ਪੰਜਾਬ ਦੇ ਦੱਖਣ ਪੱਛਮੀ ਜ਼ਿਲਿਆਂ ਅਤੇ ਨਾਲ ਲਗਦੇ ਰਾਜਸਥਾਨ ਅਤੇ ਹਰਿਆਣਾ ਦੇ ਇਲਕਿਆਂ ਵਿਚ ਕਿੰਨੂ ਦੇ ਤੰਦਰੁਸਤ ਬੂਟਿਆਂ ਦੇ ਅਚਾਨਕ ਸੁੱਕ ਜਾਣ ਦੀ ਸਮੱਸਿਆ ਪੇਸ਼ ਆ ਰਹੀ ਹੈ । ਇਸ ਸਮੱਸਿਆ ਦੇ ਸ਼ਿਕਾਰ ਬੂਟੇ ਕੁਮਲਾਅ ਕੇ ਕੁਝ ਕੁ ਦਿਨਾਂ ਵਿਚ ਹੀ ਸੁੱਕ ਜਾਂਦੇ ਹਨ । ਇਸ ਦੀ ਅਲਾਮਤ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਬੂਟਿਆਂ ਦੇ ਅਚਾਨਕ ਸੁੱਕ ਜਾਣ ਦੇ ਕਾਰਨ ਘੋਖਣ ਦੇ ਨਾਲ-ਨਾਲ ਅਜਿਹੇ ਬੂਟਿਆਂ ਨੂੰ ਬਚਾਉਣ ਲਈ ਉਪਰਾਲੇ ਕੀਤੇ ਜਾ ਰਹੇ ਹਨ । ਹਾਲਾਂਕਿ ਇਸ ਦੇ ਬਿਲਕੁਲ ਸਹੀ ਕਾਰਨਾਂ ਦਾ ਵਿਗਿਆਨਕ ਪੱਖਾਂ ਤੋਂ ਪਤਾ ਲਗਾਇਆ ਜਾ ਰਿਹਾ ਹੈ ਪਰ ਮੁੱਢਲੀ ਖੋਜ ਤੋਂ ਪਤਾ ਲਗਾਇਆ ਗਿਆ ਹੈ ਕਿ ਇਸ ਸਮੱਸਿਆ ਪਿੱਛੇ ਜੀਵਿਕ, ਵਾਤਾਵਰਨਿਕ ਜਾਂ ਮਿੱਟੀ ਦੀ ਸਿਹਤ ਸਬੰਧੀ ਕਾਰਨਾਂ ਕਰਕੇ ਬੂਟਿਆਂ ਦੀਆਂ ਜੜ੍ਹਾਂ ਅਤੇ ਛਤਰੀ ਦੇ ਅਨੁਪਾਤ ਦਾ ਅਸੰਤੁਲਨ ਹੋ ਜਾਣਾ ਹੁੰਦਾ ਹੈ ।**



# ਕਿੰਨੂ ਦੇ ਬੂਟੇ ਇੱਕਦਮ ਸੁੱਕ ਜਾਣ ਦੇ ਕਾਰਨ, ਪਛਾਣ ਅਤੇ ਬਚਾਅ ਦੇ ਅਹਿਮ ਨੁਕਤੇ

ਜੇ. ਐੱਸ. ਬਰਾੜ,
ਫਲ ਵਿਗਿਆਨ ਵਿਭਾਗ

ਪੰਜਾਬ ਵਿਚ ਫਲਾਂ ਹੇਠ 93.5 ਹਜ਼ਾਰ ਹੈਕਟੇਅਰ ਰਕਬਾ ਹੈ ਜਿਸ ਵਿੱਚੋਂ ਤਕਰੀਬਨ 60 ਫੀਸਦੀ ਰਕਬਾ ਸਿਰਫ ਨਿੰਬੂ ਜਾਤੀ ਦੇ ਫਲਾਂ ਹੇਠ ਹੈ । ਅਜੋਕੇ ਸਮੇਂ ਵਿੱਚ ਕਿੰਨੂ ਪੰਜਾਬ ਵਿਚ ਰਕਬੇ ਅਤੇ ਪੈਦਾਵਾਰ ਅਨੁਸਾਰ ਸਭ ਤੋਂ ਮੋਹਰੀ ਫਲ ਹੈ ਪਰ ਇਸ ਦੀ ਚੰਗੀ ਪੈਦਾਵਾਰ ਲਈ ਕਈ ਮੁਸ਼ਕਿਲਾਂ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ । ਕਿੰਨੂ ਦੇ ਬੂਟਿਆਂ ਉੱਪਰ ਬਹੁਤ ਜ਼ਿਆਦਾ ਫਲ ਪੈਂਦਾ ਹੈ ਅਤੇ ਫਲ ਲੱਗਣ ਤੋਂ ਫਲਾਂ ਦੀ ਤੁੜਾਈ ਤੱਕ ਤਕਰੀਬਨ 10 ਮਹੀਨੇ ਤੱਕ ਬੂਟੇ ਉੱਪਰ ਰਹਿੰਦਾ ਹੈ ਇਸ ਲਈ ਇਸ ਸਮੇਂ ਦੌਰਾਨ ਬਾਗਾਂ ਦੀ ਸੁਚੱਜੀ ਸਾਂਭ-ਸੰਭਾਲ ਕਰਨੀ ਬਹੁਤ ਜ਼ਰੂਰੀ ਹੁੰਦੀ ਹੈ । ਸਰਦੀ ਰੁੱਤ ਵਿਚ ਜਿੱਥੇ ਕਿੰਨੂ ਦੇ ਫਲਾਂ ਦੀ ਤੁੜਾਈ ਕੀਤੀ ਜਾਂਦੀ ਹੈ ਉਥੇ ਅਗਲੇ ਸਾਲ ਦੀ ਚੰਗੇਰੀ ਫਸਲ ਲਈ ਬੂਟਿਆਂ ਦੀ ਖਾਦ-ਖੁਰਾਕ ਪਾਉਣ, ਸੁੱਕੀਆਂ, ਬਿਮਾਰੀ ਗ੍ਰਸਤ ਅਤੇ ਅਣਚਾਹੀਆਂ ਟਹਿਣੀਆਂ ਦੀ ਕਾਂਟ-ਛਾਂਟ ਕਰਨ ਦੇ ਨਾਲ-ਨਾਲ ਬਾਗਾਂ ਦੀ ਸਾਫ-ਸਫਾਈ ਕੀਤੀ ਜਾਂਦੀ ਹੈ । ਪਿਛਲੇ ਕੁਝ ਸਾਲਾਂ ਤੋਂ ਪੰਜਾਬ ਦੇ ਦੱਖਣ ਪੱਛਮੀ ਜ਼ਿਲਿਆਂ ਅਤੇ ਨਾਲ ਲਗਦੇ



ਰਾਜਸਥਾਨ ਅਤੇ ਹਰਿਆਣਾ ਦੇ ਇਲਕਿਆਂ ਵਿਚ ਕਿੰਨੂ ਦੇ ਤੰਦਰੁਸਤ ਬੂਟਿਆਂ ਦੇ ਅਚਾਨਕ ਸੁੱਕ ਜਾਣ ਦੀ ਸਮੱਸਿਆ ਪੇਸ਼ ਆ ਰਹੀ ਹੈ । ਇਸ ਸਮੱਸਿਆ ਦੇ ਸ਼ਿਕਾਰ ਬੂਟੇ ਕੁਮਲਾਅ ਕੇ ਕੁਝ ਕੁ ਦਿਨਾਂ ਵਿਚ ਹੀ ਸੁੱਕ ਜਾਂਦੇ ਹਨ । ਇਸ ਦੀ ਅਲਾਮਤ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਬੂਟਿਆਂ ਦੇ ਅਚਾਨਕ ਸੁੱਕ ਜਾਣ ਦੇ ਕਾਰਨ ਘੋਖਣ ਦੇ ਨਾਲ-ਨਾਲ ਅਜਿਹੇ ਬੂਟਿਆਂ ਨੂੰ ਬਚਾਉਣ ਲਈ ਉਪਰਾਲੇ ਕੀਤੇ ਜਾ ਰਹੇ ਹਨ । ਹਾਲਾਂਕਿ ਇਸ ਦੇ ਬਿਲਕੁਲ ਸਹੀ ਕਾਰਨਾਂ ਦਾ ਵਿਗਿਆਨਕ ਪੱਖਾਂ ਤੋਂ ਪਤਾ ਲਗਾਇਆ ਜਾ ਰਿਹਾ ਹੈ ਪਰ ਮੁੱਢਲੀ ਖੋਜ ਤੋਂ ਪਤਾ ਲਗਾਇਆ ਗਿਆ ਹੈ ਕਿ ਇਸ ਸਮੱਸਿਆ ਪਿੱਛੇ ਜੀਵਿਕ, ਵਾਤਾਵਰਨਿਕ ਜਾਂ ਮਿੱਟੀ ਦੀ ਸਿਹਤ ਸਬੰਧੀ ਕਾਰਨਾਂ ਕਰਕੇ ਬੂਟਿਆਂ ਦੀਆਂ ਜੜ੍ਹਾਂ ਅਤੇ ਛਤਰੀ ਦੇ ਅਨੁਪਾਤ ਦਾ ਅਸੰਤੁਲਨ ਹੋ ਜਾਣਾ ਹੁੰਦਾ ਹੈ । ਇਸ ਤਰ੍ਹਾਂ ਕਮਜ਼ੋਰ ਹੋ ਰਹੇ ਬੂਟਿਆਂ ਦੀ ਖੁਰਾਕ ਅਤੇ ਪਾਣੀ ਲੈਣ ਵਾਲੀਆਂ ਜੜ੍ਹਾਂ ਉੱਪਰ ਉੱਲੀ ਰੋਗਾਂ ਦਾ ਹਮਲਾ ਹੋਣ ਕਰਕੇ ਬਰੀਕ ਜੜ੍ਹਾਂ (ਜਾਲੇ) ਗਲ ਜਾਂਦੀਆਂ ਹਨ । ਹਾਲਾਂਕਿ ਇਸ ਤਰੀਕੇ ਨਾਲ ਬੂਟੇ ਸੁੱਕਣ ਦੀ ਪ੍ਰਵਿਰਤੀ ਹਰ ਸਾਲ ਇੱਕਾ-ਦੁੱਕਾ ਥਾਵਾਂ ਤੇ ਕਿਸੇ-ਕਿਸੇ ਬੂਟੇ ਵਿਚ ਮਿਲਦੀ ਸੀ ਪਰ ਲੰਘੇ ਵਰੇ ਇਸ ਸਮੱਸਿਆ ਨੇ ਉਪਰੋਕਤ ਖੇਤਰਾਂ ਵਿਚ ਕਾਫੀ ਗੰਭੀਰ ਰੂਪ ਧਾਰਿਆ ਅਤੇ ਕਈ ਬਾਗਾਂ ਵਿਚ 1-10 ਪ੍ਰਤੀਸ਼ਤ ਬੂਟੇ ਸੁੱਕ ਗਏ ਜਾਂ ਕੁਮਲਾਅ ਗਏ । ਇਸ ਲਈ ਇਸ ਸਮੱਸਿਆ ਦੇ ਸ਼ਿਕਾਰ ਹੋਣ ਵਾਲੇ ਬੂਟਿਆਂ ਦੀ ਅਗੇਤੀ ਪਛਾਣ ਕਰਕੇ ਤੁਰੰਤ ਉਪਰਾਲੇ ਸ਼ੁਰੂ ਕਰਨੇ ਬਹੁਤ ਜ਼ਰੂਰੀ ਹਨ ।

ਪੰਜਾਬ ਦੇ ਦੱਖਣ-ਪੱਛਮੀ ਇਲਾਕਿਆਂ ਵਿਚ ਗਰਮੀਆਂ ਦੇ ਮਹੀਨਿਆਂ ਦੌਰਾਨ ਤਾਪਮਾਨ ਵਿਚ ਵਾਧਾ ਅਤੇ ਹਵਾ ਵਿਚਲੀ ਨਮੀ ਘਟਣ ਨਾਲ ਬੂਟਿਆਂ ਵਿੱਚੋਂ ਪਾਣੀ ਦਾ ਨਿਕਾਸ ਬਹੁਤ ਤੇਜ਼ੀ ਨਾਲ ਹੁੰਦਾ ਹੈ ਪਰ ਕਈ ਬੂਟਿਆਂ ਦੀਆਂ ਜੜ੍ਹਾਂ ਉੱਲੀ ਰੋਗਾਂ ਦੇ ਹਮਲੇ ਨਾਲ ਨੁਕਸਾਨੀਆਂ ਹੋਣ ਕਾਰਨ, ਓਨੀ ਮਾਤਰਾ ਵਿਚ ਬੂਟੇ ਨੂੰ ਲੋੜੀਂਦਾ ਪਾਣੀ ਅਤੇ ਖੁਰਾਕੀ ਤੱਤ ਨਹੀਂ ਮੁਹੱਈਆ ਕਰਵਾ ਸਕਦੀਆਂ, ਅਜਿਹੇ ਵਿਚ ਪਾਣੀ ਦੀ ਘਾਟ ਨਾਲ ਇਹ ਸਮੱਸਿਆ ਹੋਰ ਵੱਧ ਜਾਂਦੀ ਹੈ । ਕਈ ਖੇਤਰਾਂ ਵਿਚ ਜ਼ਮੀਨ ਵਿਚਲੇ ਖਾਰੇ ਤੱਤ, ਬੂਟਿਆਂ ਉੱਪਰ ਫਾਈਟਪਥੋਰਾ ਨਾਂ ਦੀ ਉੱਲੀ ਦੇ ਹਮਲੇ ਅਤੇ ਅਣਗੌਲੇ ਬਾਗਾਂ ਵਿਚ ਨੀਮਾਟੋਡ ਦੀ ਸਮੱਸਿਆ ਵੀ ਤੰਦਰੁਸਤ ਬੂਟਿਆਂ ਦੇ ਸੁੱਕਣ ਦਾ ਕਾਰਨ ਬਣਦੇ ਹਨ । ਜੁਲਾਈ ਤੋਂ ਅਕਤੂਬਰ ਮਹੀਨਿਆਂ ਦੌਰਾਨ ਬਾਗਾਂ ਵਿੱਚ ਲੋੜੋਂ ਜ਼ਿਆਦਾ ਨਮੀਂ ਨਾਲ ਵੀ ਬੂਟੇ ਪ੍ਰਭਾਵਿਤ ਹੋ ਸਕਦੇ ਹਨ ।

## ਅਗੇਤੀ ਪਛਾਣ ਅਤੇ ਲੱਛਣ

1. ਪ੍ਰਭਾਵਿਤ ਬੂਟਿਆਂ ਉੱਪਰ ਬਹੁਤ ਜ਼ਿਆਦਾ ਫੁਲ-ਫਲਾਕਾ ਆਉਣਾ ।
2. ਬੂਟਿਆਂ ਦੇ ਪੱਤਿਆਂ ਵਿਚ ਚਮਕ ਘਟ ਜਾਣਾ ਜਾਂ ਚਮਕ ਦਾ ਖਤਮ ਹੋ ਜਾਣਾ ।
3. ਪ੍ਰਭਾਵਿਤ ਬੂਟਿਆਂ ਦੇ ਪੱਤਿਆਂ ਦਾ ਉੱਪਰ ਵੱਲ ਨੂੰ ਮੁੜ ਜਾਣਾ ।
4. ਬੂਟਿਆਂ ਦੇ ਪੱਤਿਆਂ ਦਾ ਕੁਮਲਾਉਣਾ ਸ਼ੁਰੂ ਹੋ ਜਾਣਾ ਅਤੇ ਹੌਲੀ-ਹੌਲੀ ਕੁਮਲਾਉਣ ਦੀ ਦਰ ਵਧ ਜਾਣਾ ।
5. ਅਜਿਹੇ ਬੂਟਿਆਂ ਉੱਪਰ ਫਲਾਂ ਦਾ ਅਕਾਰ ਛੋਟਾ ਰਹਿ ਜਾਣਾ ਅਤੇ ਫਲਾਂ ਦਾ ਪੋਲਾ ਪੈ ਜਾਣਾ ।
6. ਬੂਟਿਆਂ ਦੇ ਪੱਤਿਆਂ ਦਾ ਪੂਰੀ ਤਰ੍ਹਾਂ ਕੁਮਲਾਅ ਜਾਣਾ, ਕੁਝ ਕੁ ਦਿਨਾਂ ਵਿਚ ਪੂਰੇ ਬੂਟੇ ਦਾ ਬਿਲਕੁਲ ਸੁੱਕ ਜਾਣਾ ।

## ਬੂਟਿਆਂ ਨੂੰ ਸੁੱਕਣ ਤੋਂ ਬਚਾਉਣ ਲਈ ਉਪਰਾਲੇ :

**ੳ) ਬਾਗਾਂ ਵਿੱਚਲੀ ਜ਼ਮੀਨ ਵਿਚ ਖੁਰਾਕੀ ਤੱਤਾਂ ਦਾ ਸੰਤੁਲਨ ਬਣਾਈ ਰੱਖੋ** : ਕਿੰਨੂ ਦੇ ਬਾਗਾਂ ਦੀ ਜ਼ਮੀਨ ਵਿੱਚਲੇ ਖੁਰਾਕੀ ਤੱਤਾਂ ਦਾ ਸੰਤੁਲਨ ਬਣਾਈ ਰੱਖਣਾ ਬਹੁਤ ਜ਼ਰੂਰੀ ਹੁੰਦਾ ਹੈ ਆਮ ਤੌਰ ਤੇ ਜ਼ਿਆਦਾਤਰ ਬਾਗਬਾਨ ਮੁੱਖ ਤੱਤਾਂ ਵਿੱਚੋਂ ਸਿਰਫ ਨਾਈਟਰੋਜਨ ਅਤੇ ਫਾਸਫੋਰਸ ਅਤੇ ਲਘੂ ਤੱਤਾਂ ਵਿੱਚੋਂ ਜ਼ਿੰਕ ਅਤੇ ਮੈਗਨੀਜ਼ ਵੱਲ ਹੀ ਤਵੱਜੋ ਦਿੰਦੇ ਹਨ ਜਦੋਂ ਕਿ ਪੌਦਿਆਂ ਨੂੰ ਕੁਦਰਤ ਵੱਲੋਂ ਮਿਲਣ ਵਾਲੇ ਕਾਰਬਨ, ਹਾਈਡਰੋਜਨ ਅਤੇ ਆਕਸੀਜਨ ਤੋਂ ਇਲਾਵਾ ਹੋਰ ਵੀ 14 ਤੱਤਾਂ ਦੀ ਜ਼ਰੂਰਤ ਹੁੰਦੀ ਹੈ ਜੋ ਕਿ ਭਰਪੂਰ ਮਾਤਰਾ ਵਿਚ ਦੇਸੀ ਰੂੜੀ ਵਾਲੀ ਖਾਦ ਅਤੇ ਹੋਰਨਾਂ ਦੇਸੀ ਖਾਦਾਂ ਵਿੱਚ ਮਿਲਦੇ ਹਨ । ਪਿਛਲੇ ਕਈ ਸਾਲਾਂ ਤੋਂ ਬਾਗਾਂ ਵਿੱਚ ਦੇਸੀ ਖਾਦਾਂ ਦੀ ਉਪਲੱਬਧਤਾ ਦੀ ਘਾਟ ਕਾਰਨ, ਪੂਰੀ ਮਾਤਰਾ ਵਿੱਚ ਇਹ ਖਾਦਾਂ ਨਹੀਂ ਪੈ ਰਹੀਆਂ ਅਤੇ ਲਗਾਤਾਰ ਉਪਰੋਕਤ ਰਸਾਇਣਕ ਖਾਦਾਂ ਪੈਣ ਨਾਲ ਬਾਗਾਂ ਦੀ ਜ਼ਮੀਨ ਅਤੇ ਬੂਟਿਆਂ ਵਿੱਚ ਖੁਰਾਕੀ ਤੱਤਾਂ ਦਾ ਅਸੰਤੁਲਨ ਪੈਦਾ ਹੋ ਰਿਹਾ ਹੈ । ਇਹ ਜ਼ਰੂਰੀ ਹੈ ਕਿ ਬਾਗਬਾਨ ਵੀਰ ਹੁਣ ਬੂਟਿਆਂ ਨੂੰ ਦੇਸੀ ਖਾਦਾਂ ਜਾਂ ਰਸਾਇਣਕ ਖਾਦਾਂ ਪਾਉਣ ਤੋਂ ਪਹਿਲਾਂ-ਪਹਿਲਾਂ ਆਪਣੇ ਬਾਗਾਂ ਦੀ ਮਿੱਟੀ ਦੀ ਪਰਖ ਕਰਵਾਉਣ । ਮਿੱਟੀ ਦੀ ਪਰਖ ਲਈ ਨਮੂਨਾ ਲੈਣ ਵੇਲੇ ਧਿਆਨ ਰੱਖਣਾ ਹੈ ਕਿ ਨਮੂਨਾ ਬੂਟਿਆਂ ਦੇ ਛਤਰੀ ਦੇ ਬਿਲਕੁਲ ਵਿਚਕਾਰੋਂ (ਬੂਟੇ ਦੇ ਮੁੱਖ ਤਣੇ ਅਤੇ ਛਤਰੀ ਦੇ ਬਾਹਰੀ ਘੇਰੇ ਦੇ ਵਿਚਕਾਰ) ਲਿਆ ਜਾਵੇ ਕਿਉਂਕਿ ਇੱਥੇ ਹੀ ਖੁਰਾਕ ਲੈਣ ਵਾਲੀਆਂ ਜੜ੍ਹਾਂ ਦੀ ਬਹੁਤਾਤ ਹੁੰਦੀ ਹੈ ਅਤੇ ਖਾਦਾਂ ਵੀ ਇਸ ਖੇਤਰ ਵਿੱਚ ਇਕਸਾਰ ਪਾਈਆਂ ਜਾਂਦੀਆਂ ਹਨ । ਮਿੱਟੀ ਪਰਖ ਦੀ ਰਿਪੋਰਟ ਅਨੁਸਾਰ ਰਸਾਇਣਕ ਖਾਦਾਂ ਦੀ ਮਾਤਰਾ ਵਧਾਈ-ਘਟਾਈ ਜਾ ਸਕਦੀ ਹੈ । ਮਿੱਟੀ ਪਰਖ ਲਈ ਸਿਟਰਸ ਅਸਟੇਟ ਬਾਦਲ, ਅਬੋਹਰ, ਟਾਹਲੀ ਵਾਲ ਜੱਟਾਂ (ਅਬੋਹਰ ਬਿਲਟ) ਅਤੇ ਸਿਟਰਸ ਅਸਟੇਟ ਭੁੰਗਾ ਅਤੇ ਹੁਸ਼ਿਆਰਪੁਰ (ਹੁਸ਼ਿਆਰਪੁਰ ਬਿਲਟ) ਨਾਲ ਸੰਪਰਕ ਕੀਤਾ ਜਾ ਸਕਦਾ ਹੈ ।

**ਅ) ਬਾਗਾਂ ਵਿੱਚ ਖਾਰੇ ਤੱਤਾਂ ਦੇ ਮਾਰੂ ਅਸਰ ਘਟਾਉਣ ਲਈ ਜ਼ਰੂਰੀ ਕਦਮ** : ਅਬੋਹਰ ਅਤੇ ਆਸ-ਪਾਸ ਦੇ ਕਈ ਖੇਤਰਾਂ ਵਿੱਚ ਜ਼ਮੀਨੀ-ਪਾਣੀ ਜ਼ਮੀਨ ਦੀ ਸਤਹਿ ਦੇ ਨੇੜੇ ਹੋਣ ਅਤੇ ਉੱਪਰੀ ਸਤਹਿ ਵਿੱਚ ਖਾਰੇ ਤੱਤਾਂ ਦੀ ਮਾਤਰਾ ਵਧੇਰੇ ਹੋਣ ਕਾਰਨ ਕਿੰਨੂ ਦੇ ਬੂਟਿਆਂ ਉੱਪਰ ਬਹੁਤ ਮਾੜਾ ਅਸਰ ਹੁੰਦਾ ਹੈ । ਅਜਿਹੇ ਹਲਾਤਾਂ ਵਿਚ ਬੂਟੇ ਜ਼ਮੀਨ ਵਿਚਲੇ ਖੁਰਾਕੀ ਤੱਤ ਪੂਰੀ ਮਾਤਰਾ ਵਿੱਚ ਲੈਣ ਲਈ ਅਸਮਰਥ ਹੋ ਜਾਂਦਾ ਹੈ ਅਤੇ ਬੂਟੇ ਵਿੱਚ ਖੁਰਾਕੀ ਤੱਤਾਂ ਦੀ ਘਾਟ ਹੋ ਜਾਂਦੀ ਹੈ । ਪੱਤਿਆਂ ਉੱਪਰ ਪੀਲੇ ਰੰਗ ਦੇ ਧੱਬੇ ਪੈ ਜਾਂਦੇ ਹਨ ਅਤੇਨੋਕਾਂ ਸੁੱਕਣੀਆਂ ਸ਼ੁਰੂ ਹੋ ਜਾਂਦੀਆਂ ਹਨ । ਮਾੜੇ ਤੱਤਾਂ ਦੇ ਪ੍ਰਭਾਵ ਨੂੰ ਘਟਾਉਣ ਲਈ ਦੇਸੀ ਖਾਦਾਂ ਪੂਰੀ ਮਾਤਰਾ ਵਿਚ ਪਾਉ । ਸੁਚੱਜਾ ਪਾਣੀ ਪ੍ਰਬੰਧ ਕਰੋ । ਮਿੱਟੀ ਦੀ ਪਰਖ ਕਰਵਾ ਕੇ ਸਲਫਰ ਜਾਂ ਹੋਰ ਰਸਾਇਣਕ ਉਪਚਾਰ ਕਰੋ, ਜ਼ਮੀਨੀ ਪਾਣੀ ਦੀ ਵਰਤੋਂ ਤੋਂ ਬਿਲਕੁਲ ਪਰਹੇਜ਼ ਕਰੋ ।


**ੲ) ਪ੍ਰਭਾਵਿਤ ਬੂਟਿਆਂ ਦੀ ਪਛਾਣ ਅਤੇ ਬਚਾਅ ਲਈ ਉਪਰਾਲੇ** :

1. ਜਿਨ੍ਹਾਂ ਪ੍ਰਭਾਵਿਤ ਬੂਟਿਆਂ ਦੇ ਪੱਤਿਆਂ ਵਿਚ ਚਮਕ ਘਟ ਰਹੀ ਹੋਵੇ ਜਾਂ ਹਲਕੇ ਕੁਮਲਾਉਣ ਵਾਲੇ ਲੱਛਣ ਦਿਖਾਈ ਦੇਣ ਉਹਨਾਂ ਬੂਟਿਆਂ ਦੀ ਛਤਰੀ ਦੀ ਉੱਪਰੋਂ ਹਲਕੀ ਛੰਗਾਈ ਕਰ ਦਿਉ ਅਤੇ ਫਲਾਂ ਨੂੰ ਵੀ ਵਿਰਲਾ ਕਰ ਦਿਉ ।
2. ਜ਼ਿਆਦਾ ਫਲ ਲੱਗੇ ਬੂਟਿਆਂ ਦਾ ਫਲ ਵਿਰਲਾ ਕਰ ਦਿਉ ਅਤੇ ਬੂਟਿਆਂ ਉੱਪਰੋਂ ਲੋਡ ਘਟਾ ਦਿਉ ।
3. ਜ਼ਿਆਦਾ ਕੁਮਲਾਅ ਰਹੇ ਬੂਟਿਆਂ ਨੂੰ ਉਹਨਾਂ ਦੇ ਕੁਮਲਾਉਣ ਦੀ ਦਰ ਦੇਖਦੇ ਹੋਏ ਉਹਨਾਂ ਦਾ 20-50 ਪ੍ਰਤੀਸ਼ਤ ਤੱਕ ਪਤਰਾਲ ਘਟਾ ਦਿਉ ।
4. ਬਾਗਾਂ ਦੀ ਵਹਾਈ ਘੱਟ ਤੋਂ ਘੱਟ ਕਰੋ ਅਤੇ ਕਦੇ ਵੀ ਬੂਟਿਆਂ ਦੀ ਛੱਤਰੀ ਹੇਠ ਜ਼ਿਆਦਾ ਡੂੰਘੀ ਵਹਾਈ ਨਾ ਕਰੋ, ਜ਼ਿਆਦਾ ਡੂੰਘੀ ਵਹਾਈ ਨਾਲ ਬੂਟਿਆਂ ਦੀਆਂ ਜੜ੍ਹਾਂ ਨੂੰ ਨੁਕਸਾਨ ਪਹੁੰਚਦਾ ਹੈ ਅਤੇ ਬੂਟਿਆਂ ਦੀਆਂ ਜੜ੍ਹਾਂ ਅਤੇ ਛਤਰੀ ਦੇ ਅਨੁਪਾਤ ਦਾ ਸੰਤੁਲਨ ਵਿਗੜ ਜਾਂਦਾ ਹੈ ।
5. ਕਮਜ਼ੋਰ ਹੋ ਕੇ ਕੁਮਲਾਅ ਰਹੇ ਬੂਟਿਆਂ ਦੀਆਂ ਜੜ੍ਹਾਂ ਤੇ ਉੱਲੀ ਦਾ ਹਮਲਾ ਹੋ ਜਾਂਦਾ ਹੈ ਇਸ ਲਈ ਇਹਨਾਂ ਬੂਟਿਆਂ ਦੀਆਂ ਜੜ੍ਹਾਂ ਨੂੰ ਉੱਲੀ ਰੋਗਾਂ ਤੋਂ ਬਚਾਉਣ ਲਈ ਉਪਰਾਲੇ ਕਰੋ । ਯੂਨੀਵਰਸਿਟੀ ਵੱਲੋਂ ਕਿੰਨੂ ਦੇ ਬਾਗਾਂ ਲਈ ਸਿਫਾਰਿਸ਼ ਕੀਤੀਆਂ ਜ਼ਮੀਨਾਂ ਵਿਚ ਪਾਉਣ ਵਾਲੀਆਂ ਦਵਾਈਆਂ ਪਾਉਣ ਸਮੇਂ ਧਿਆਨ ਰੱਖੋ ਕਿ ਇਹ ਪ੍ਰਭਾਵਿਤ ਬੂਟਿਆਂ ਦੀਆਂ ਜੜ੍ਹਾਂ ਤੱਕ ਪਹੁੰਚ ਜਾਣ । ਯੂਨੀਵਰਸਿਟੀ ਵੱਲੋਂ ਇਸ ਦੀ ਰੋਕਥਾਮ ਲਈ ਬਹੁਤ ਸਾਰੇ ਉਪਯੋਗੀ ਰਸਾਇਣਾਂ ਦੀ ਵੀ ਵਰਤੋਂ ਦੇ ਤਜਰਬੇ ਕੀਤੇ ਜਾ ਰਹੇ ਹਨ ਇਹਨਾਂ ਬਾਬਤ ਵਧੇਰੇ ਜਾਣਕਾਰੀ ਲਈ ਯੂਨੀਵਰਸਿਟੀ ਵਿਗਿਆਨੀਆਂ ਨਾਲ ਪੀ. ਏ. ਯੂ. ਲੁਧਿਆਣਾ ਜਾਂ ਅਬੋਹਰ ਕੇਂਦਰ ਵਿਖੇ ਸੰਪਰਕ ਕੀਤਾ ਜਾ ਸਕਦਾ ਹੈ ।




# ਕਿਵੇਂ ਰੁਕੇਗਾ, ਪੰਜਾਬੀ ਵਿਦਿਆਰਥੀਆਂ ਦਾ ਪ੍ਰਵਾਸ?

ਪੰਜਾਬ, ਕੇਰਲਾ ਜਾਂ ਹੋਰ ਪ੍ਰਾਤਾਂ ਤੋਂ ਵਿਦੇਸ਼ਾਂ ਨੂੰ ਪ੍ਰਵਾਸ ਕਰਨ ਵਾਲੇ ਨੌਜਵਾਨ ਵਿਦਿਆਰਥੀਆਂ ਦਾ ਇਕ ਹੀ ਸਭ ਤੋਂ ਵੱਡਾ ਕਾਰਨ ਆਪਣੇ ਦੇਸ਼ ਵਿਚ ਪੜ੍ਹਾਈ ਦੇ ਨਾਲ-ਨਾਲ ਕਮਾਈ ਕਰਨ ਅਤੇ ਵਰਕ ਪਰਮਿਟ ਹਾਸਲ ਕਰਨ ਸਹੂਲਤ ਅਤੇ ਉੱਚੀਆਂ ਉਜਰਤਾਂ ਹਨ। ਇਸ ਕਾਰਨ ਹੁਣ ਨਹੀਂ ਸਗੋਂ 20ਵੀਂ ਸਦੀ ਦੇ ਸ਼ੁਰੂ ਅਤੇ 19ਵੀਂ ਸਦੀ ਦਾ ਅਖੀਰਲਾ ਸਮਾਂ ਵੀ ਇਸ ਤਰ੍ਹਾਂ ਹੀ ਸੀ। ਕਾਮਾਗਾਟਾ ਮਾਰੂ ਜਹਾਜ਼ ਦੀ ਘਟਨਾ ਜਿਹੜੀ ਪ੍ਰਵਾਸ ਦੀ ਇਸ ਕੋਸ਼ਿਸ਼ ਵਿਚ ਵੱਡਾ ਦੁਖਾਂਤ ਬਣੀ ਜਾਂ ਮੇਵਾ ਸਿੰਘ ਲੋਪੋਕੇ ਵਲੋਂ ਵੈਨਕੂਵਰ ਵਿਚ ਕਤਲ ਅਤੇ ਹੋਰ ਘਟਨਾਵਾਂ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਪੰਜਾਬੀਆਂ ਦੇ ਜ਼ਿਆਦਾ ਗਤੀਸ਼ੀਲ ਹੋਣ ਕਰਕੇ ਇਹ ਪ੍ਰਵਾਸ ਪਿਛਲੇ 125 ਸਾਲਾਂ ਵਿਚ ਕੇਰਲਾ ਤੋਂ ਬਾਅਦ ਪੰਜਾਬ ਵਿਚੋਂ ਹੀ ਜ਼ਿਆਦਾ ਹੋਇਆ ਹੈ ਪਰ ਪਿਛਲੇ 20 ਸਾਲ ਵਿਚ ਇਸ ਰੁਚੀ ਵਿਚ ਵੱਡਾ ਵਾਧਾ ਹੋਇਆ ਹੈ। ਪ੍ਰਵਾਸੀਆਂ ਦੀ ਖਿੱਚ ਦੇ ਦੇਸ਼ ਪਹਿਲਾਂ ਭਾਵੇਂ ਇੰਗਲੈਂਡ ਅਤੇ ਅਮਰੀਕਾ ਸਨ ਪਰ ਅੱਜਕੱਲ੍ਹ ਸਭ ਤੋਂ ਉੱਪਰ ਕੈਨੇਡਾ ਅਤੇ ਉਸ ਤੋਂ ਬਾਅਦ ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਹਨ।


ਡਾ. ਸ. ਸ. ਛੀਨਾ

ਆਮ ਕਰਕੇ ਪ੍ਰਵਾਸ ਦੁਨੀਆਂ ਦੇ ਵਿਕਸਿਤ ਦੇਸ਼ਾਂ ਵੱਲ ਹੀ ਜ਼ਿਆਦਾ ਹੁੰਦਾ ਹੈ ਪਰ ਉਹ ਦੇਸ਼ ਕਦੀ ਵੀ ਪ੍ਰਵਾਸੀਆਂ ਨੂੰ ਉਤਸ਼ਾਹਿਤ ਨਹੀਂ ਕਰਦੇ ਰਹੇ, ਸਗੋਂ ਉਨੇ ਕੁ ਅਤੇ ਉਹੋ ਜਿਹੀ ਯੋਗਤਾ ਵਾਲੇ ਪ੍ਰਵਾਸੀਆਂ ਨੂੰ ਆਪਣੇ ਦੇਸ਼ ਦੇ ਵਾਸੀ ਬਣਨ ਦਿੰਦੇ ਰਹੇ ਹਨ ਜਿਨ੍ਹਾਂ ਦੀ ਉਨ੍ਹਾਂ ਨੂੰ ਲੋੜ ਹੈ ਅਤੇ ਜਿਹੜੇ ਉਨ੍ਹਾਂ ਦੇ ਵਿਕਾਸ ਵਿਚ ਸਹਾਇਕ ਹੋ ਸਕਦੇ ਹਨ। ਉਹ ਵੀ ਇਕ ਸੀਮਾ ਤੱਕ ਹੀ। ਕੈਨੇਡਾ ਵਿਚ ਜਾ ਕੇ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਪਹਿਲਾਂ 10 ਹਜ਼ਾਰ ਡਾਲਰ ਕੈਨੇਡਾ ਦੇ ਬੈਂਕਾਂ ਵਿਚ ਇਸ ਕਰਕੇ ਜਮ੍ਹਾ ਕਰਾਉਣੇ ਪੈਂਦੇ ਸਨ ਕਿ ਉਸ ਪੈਸੇ ਨਾਲ ਉਹ ਆਪਣੇ ਖਰਚ ਪੂਰੇ ਕਰ ਸਕਦੇ ਹਨ ਅਤੇ ਉਨ੍ਹਾਂ ਨੂੰ ਉਸ ਜਮ੍ਹਾ ਰਕਮ ਵਿਚੋਂ ਇਕ ਸੀਮਾ ਤੱਕ ਪੈਸੇ ਕਢਾਉਣ ਦੀ ਹਰ ਮਹੀਨੇ ਇਜਾਜ਼ਤ ਹੁੰਦੀ ਸੀ ਪਰ ਹੁਣ ਜਨਵਰੀ 2024 ਤੋਂ ਕੈਨੇਡਾ ਦੀ ਸਰਕਾਰ ਨੇ ਉਹ ਗਾਰੰਟੀ ਇੰਨਵੈਸਟਮੈਂਟ ਸਰਟੀਫਿਕੇਟ ਲੈਣ ਲਈ 10 ਹਜ਼ਾਰ ਡਾਲਰ ਦੀ ਬਜਾਏ ਰਕਮ ਵਧਾ ਕੇ 206 35 ਡਾਲਰ ਕਰ ਦਿੱਤੀ ਹੈ। ਇਹ ਉਹ ਰਕਮ ਹੈ ਜਿਹੜੀ ਉਹਨਾਂ ਦੀ ਟਿਊਸ਼ਨ ਫੀਸ ਅਤੇ ਰਹਿਣ ਦੇ ਖਰਚ ਤੋਂ ਵੱਖਰੀ ਹੈ। ਇਸ ਤੋਂ ਪਹਿਲਾਂ ਜਿਹੜੇ ਵਿਦਿਆਰਥੀ ਨੂੰ ਕੈਨੇਡਾ ਜਾ ਕੇ ਪੜ੍ਹਨ ਲਈ ਕੋਈ 15 ਕੁ ਲੱਖ ਰੁਪਏ ਦਾ ਇੰਤਜ਼ਾਮ ਕਰਨਾ ਪੈਂਦਾ ਸੀ, ਹੁਣ ਉਸ ਨੂੰ 25 ਲੱਖ ਰੁਪਏ ਤੋਂ ਉੱਪਰ ਦਾ ਪਹਿਲਾਂ ਤੋਂ 10 ਲੱਖ ਵੱਧ ਖਰਚਣਾ ਪਵੇਗਾ, ਜਿਸ ਨਾਲ ਗਰੀਬ ਪ੍ਰਵਾਸੀ ਵਿਦਿਆਰਥੀਆਂ ਲਈ ਮੁਸ਼ਕਿਲ ਪੈਦਾ ਹੋਵੇਗੀ।

ਪਿਛਲੇ 30 ਸਾਲਾਂ ਵਿਚ ਭਾਵੇਂ ਕਿ ਕੈਨੇਡਾ ਸਰਕਾਰ ਪ੍ਰਵਾਸ ਸੰਬੰਧੀ ਕਾਫੀ ਨਰਮ ਰਹੀ ਹੈ ਪਰ ਫਿਰ ਵੀ ਉਸ ਨੇ ਸੀਮਤ ਗਿਣਤੀ ਵਿਚ ਵੀਜ਼ੇ ਦਿੱਤੇ ਸਨ। ਕਈ ਵਿਚਾਰਵਾਨਾਂ ਦਾ ਇਹ ਵਿਚਾਰ ਵੀ ਸੀ ਕਿ ਕੈਨੇਡਾ ਦੀ ਮੂਲ ਵਸੋਂ ਹਰ ਸਾਲ ਇਕ ਫੀਸਦੀ ਦੀ ਦਰ ਨਾਲ ਘੱਟ ਰਹੀ ਹੈ, ਜਿਸ ਕਰਕੇ ਉਨ੍ਹਾਂ ਨੂੰ ਕੋਈ 3 ਲੱਖ ਹੋਰ ਲੋਕਾਂ ਦੀ ਉਨ੍ਹਾਂ ਦੇ ਵਿਕਾਸ ਕੰਮਾਂ ਵਿਚ ਲੋੜ ਨੂੰ ਸਾਹਮਣੇ ਰੱਖਦੇ ਹੋਏ ਉਹ ਹਰ ਸਾਲ 3 ਲੱਖ ਦੇ ਕਰੀਬ ਪ੍ਰਵਾਸ ਦੀ ਇਜਾਜ਼ਤ ਦਿੰਦੀ ਰਹੀ ਹੈ, ਇਨ੍ਹਾਂ ਵਿਦਿਆਰਥੀਆਂ ਦੇ ਪ੍ਰਵਾਸ ਵਿਚ ਪੰਜਾਬ ਸਭ ਤੋਂ ਉੱਪਰ ਹੈ ਅਤੇ ਨਵੀਆਂ ਪਾਬੰਦੀਆਂ ਨਾਲ ਪੰਜਾਬੀ ਪ੍ਰਵਾਸੀ ਵਿਦਿਆਰਥੀਆਂ 'ਤੇ ਹੀ ਜ਼ਿਆਦਾ ਪ੍ਰਭਾਵ ਪੈਣਾ ਹੈ। ਹੁਣ ਕੈਨੇਡਾ ਦੇ ਨਾਲ-ਨਾਲ ਆਸਟ੍ਰੇਲੀਆ ਨੇ ਵੀ ਪੜ੍ਹਾਈ ਦੇ ਖਰਚ ਵਿਚ ਵਾਧੇ ਦਾ ਐਲਾਨ ਕਰ ਦਿੱਤਾ ਹੈ। ਭਾਵੇਂ ਕਿ ਆਸਟ੍ਰੇਲੀਆ ਦੀ ਸਰਕਾਰ ਪਹਿਲਾਂ ਹੀ ਪ੍ਰਵਾਸ ਨੂੰ ਉਤਸ਼ਾਹਿਤ ਨਹੀਂ ਕਰਦੀ ਅਤੇ ਬਹੁਤ ਘੱਟ ਲੋਕਾਂ ਪਰ ਪੂਰੇ ਸ਼ਹਿਰੀ ਬਣਨ ਦੀ ਇਜਾਜ਼ਤ ਦਿੰਦੀ ਹੈ, ਪਰ ਪਿਛਲੇ ਤਜਰਬੇ ਤੋਂ ਇਹ ਗੱਲ ਸਾਫ ਹੋ ਜਾਂਦੀ ਹੈ ਕਿ ਖਰਚ ਵਿਚ ਹੋਏ ਵਧੇ ਨਾਲ ਪੰਜਾਬ ਤੋਂ ਪ੍ਰਵਾਸ ਵਿਚ ਕਮੀ ਨਹੀਂ ਆਵੇਗੀ।

ਪਿਛਲੇ ਸਾਲ ਜੁਲਾਈ ਤੋਂ ਅਕਤੂਬਰ ਜਿਸ ਸਮੇਂ ਦਾਖਲੇ ਲਈ ਕੈਨੇਡਾ ਅਤੇ ਯੂਨੀਵਰਸਿਟੀਆਂ ਵਿਚ ਨਵੀਆਂ ਅਰਜ਼ੀਆਂ ਦਿੱਤੀਆਂ ਜਾਂਦੀਆਂ ਸਨ, ਉਸ ਸਮੇਂ ਵਿਚ 1 ਲੱਖ, 45 ਹਜ਼ਾਰ 881 ਅਰਜ਼ੀਆਂ ਦਿੱਤੀਆਂ ਗਈਆਂ ਸਨ, 2023 ਦੇ ਇਸੇ ਹੀ ਸਮੇਂ ਵਿਚ ਉਨ੍ਹਾਂ ਦੀ ਗਿਣਤੀ 86562 ਹੈ, ਜਿਸ ਵਿਚ ਪੰਜਾਬੀ ਜ਼ਿਆਦਾ ਹਨ। ਪਰ ਭਾਵੇਂ ਇਹ ਗਿਣਤੀ ਘਟੀ ਹੈ, ਇਸ ਦਾ ਇਹ ਅਰਥ ਨਹੀਂ ਕਿ ਹੁਣ ਵਿਦੇਸ਼ਾਂ ਵਿਚ ਜਾਣ ਦੀ ਰੁਚੀ ਘਟ ਗਈ ਹੈ, ਸਗੋਂ ਇਸ ਦਾ ਦੂਸਰਾ ਪੱਖ ਇਹ ਹੈ ਕਿ ਕੈਨੇਡਾ ਤੋਂ ਇਲਾਵਾ ਹੋਰ ਦੇਸ਼ਾਂ ਵੱਲ ਜਾਣ ਦੀ ਰੁਚੀ ਵਧੀ ਹੈ। ਕੈਨੇਡਾ ਵਿਚ ਪਿਛਲੇ ਸਾਲ ਤੋਂ ਆਈ ਮੰਦੀ ਕਰਕੇ ਰੁਜ਼ਗਾਰ ਸੰਭਾਵਨਾਵਾਂ ਘਟੀਆਂ ਹਨ, ਇਸ ਲਈ ਕੈਨੇਡਾ ਨੇ ਆਪਣੇ ਦੇਸ਼ ਵਿਚ ਫੈਲੀ ਬੇਰੁਜ਼ਗਾਰੀ ਨੂੰ ਸਾਹਮਣੇ ਰੱਖ ਕੇ ਇਕ ਤਾਂ ਕੈਨੇਡਾ ਆਉਣ ਦੇ ਖਰਚ ਵਿਚ ਵਾਧਾ ਕੀਤਾ ਹੈ, ਦੂਸਰਾ ਉਸ ਸਰਕਾਰ ਵਲੋਂ ਪਹਿਲਾਂ ਵਿਦਿਆਰਥੀਆਂ ਨੂੰ ਹਫਤੇ ਵਿਚ 20 ਘੰਟੇ ਕੰਮ ਕਰਨ ਦੀ ਇਜਾਜ਼ਤ ਸੀ, ਜਿਸ ਨੂੰ ਉਹ ਘਟਾਉਣ ਦਾ ਵਿਚਾਰ ਕਰ ਰਹੀ ਹੈ ਤਾਂ ਕਿ ਆਪਣੇ ਸ਼ਹਿਰੀਆਂ ਲਈ ਰੁਜ਼ਗਾਰ ਦੇ ਮੌਕੇ ਵਧਣ, ਭਾਵੇਂ ਕਿ ਭਾਰਤੀ ਵਿਦਿਆਰਥੀ ਹਫਤੇ ਵਿਚ 20 ਘੰਟੇ ਦੀ ਬਜਾਏ 30 ਘੰਟੇ ਕੰਮ ਕਰਨ ਦੀ ਇਜਾਜ਼ਤ ਮੰਗ ਰਹੇ ਹਨ।

**ਪਿਛਲੇ 30 ਸਾਲਾਂ ਵਿਚ ਭਾਵੇਂ ਕਿ ਕੈਨੇਡਾ ਸਰਕਾਰ ਪ੍ਰਵਾਸ ਸੰਬੰਧੀ ਕਾਫੀ ਨਰਮ ਰਹੀ ਹੈ ਪਰ ਫਿਰ ਵੀ ਉਸ ਨੇ ਸੀਮਤ ਗਿਣਤੀ ਵਿਚ ਵੀਜ਼ੇ ਦਿੱਤੇ ਸਨ। ਕਈ ਵਿਚਾਰਵਾਨਾਂ ਦਾ ਇਹ ਵਿਚਾਰ ਵੀ ਸੀ ਕਿ ਕੈਨੇਡਾ ਦੀ ਮੂਲ ਵਸੋਂ ਹਰ ਸਾਲ ਇਕ ਫੀਸਦੀ ਦੀ ਦਰ ਨਾਲ ਘੱਟ ਰਹੀ ਹੈ, ਜਿਸ ਕਰਕੇ ਉਨ੍ਹਾਂ ਨੂੰ ਕੋਈ 3 ਲੱਖ ਹੋਰ ਲੋਕਾਂ ਦੀ ਉਨ੍ਹਾਂ ਦੇ ਵਿਕਾਸ ਕੰਮਾਂ ਵਿਚ ਲੋੜ ਨੂੰ ਸਾਹਮਣੇ ਰੱਖਦੇ ਹੋਏ ਉਹ ਹਰ ਸਾਲ 3 ਲੱਖ ਦੇ ਕਰੀਬ ਪ੍ਰਵਾਸ ਦੀ ਇਜਾਜ਼ਤ ਦਿੰਦੀ ਰਹੀ ਹੈ, ਇਨ੍ਹਾਂ ਵਿਦਿਆਰਥੀਆਂ ਦੇ ਪ੍ਰਵਾਸ ਵਿਚ ਪੰਜਾਬ ਸਭ ਤੋਂ ਉੱਪਰ ਹੈ ਅਤੇ ਨਵੀਆਂ ਪਾਬੰਦੀਆਂ ਨਾਲ ਪੰਜਾਬੀ ਪ੍ਰਵਾਸੀ ਵਿਦਿਆਰਥੀਆਂ 'ਤੇ ਹੀ ਜ਼ਿਆਦਾ ਪ੍ਰਭਾਵ ਪੈਣਾ ਹੈ। ਹੁਣ ਕੈਨੇਡਾ ਦੇ ਨਾਲ-ਨਾਲ ਆਸਟ੍ਰੇਲੀਆ ਨੇ ਵੀ ਪੜ੍ਹਾਈ ਦੇ ਖਰਚ ਵਿਚ ਵਾਧੇ ਦਾ ਐਲਾਨ ਕਰ ਦਿੱਤਾ ਹੈ।**

ਇਹ ਗੱਲ ਵੀ ਕਹੀ ਜਾਂਦੀ ਹੈ ਕਿ ਦੇਸ਼ ਦਾ ਚੰਗਾ ਦਿਮਾਗ ਅਤੇ ਜਵਾਨੀ ਵਿਦੇਸ਼ਾਂ ਦੇ ਵਿਕਾਸ ਵਿਚ ਤਾਂ ਹਿੱਸਾ ਪਾ ਰਹੀ ਹੈ ਪਰ ਭਾਰਤ ਜਾਂ ਪੰਜਾਬ ਇਨ੍ਹਾਂ ਤੋਂ ਵਾਂਝਾ ਹੁੰਦਾ ਜਾ ਰਿਹਾ ਹੈ। ਪਰ ਜ਼ਰੂਰੀ ਸੁਆਲ ਇਹ ਹੈ ਕਿ ਪ੍ਰਵਾਸ ਨਾਲ ਜਿਹੜਾ ਪੰਜਾਬ ਦਾ ਨੁਕਸਾਨ ਹੈ, ਕਿਸ ਢੰਗ ਨਾਲ ਰੁਕ ਸਕਦਾ ਹੈ, ਕੀ ਭਾਰਤ ਵਿਚ ਜਾਂ ਪੰਜਾਬ ਵਿਚ ਉਹ ਮੌਕੇ ਪੈਦਾ ਨਹੀਂ ਕੀਤੇ ਜਾ ਸਕਦੇ ਜਿਹੜੇ ਵਿਦਿਆਰਥੀਆਂ ਨੂੰ ਵਿਦੇਸ਼ਾਂ ਵਿਚ ਮਿਲਦੇ ਹਨ। ਦੁਨੀਆਂ ਭਰ ਲਈ ਭਾਰਤ ਇਕ ਬਹੁਤ ਵੱਡੀ ਮੰਡੀ ਹੈ ਅਤੇ ਹਰ ਦੇਸ਼ ਭਾਰਤ ਨਾਲ ਵਪਾਰ ਕਰਨ ਵਿਚ ਦਿਲਚਸਪੀ ਰੱਖਦਾ ਹੈ, ਪਰ ਭਾਰਤ ਵਿਚ ਬੇਰੁਜ਼ਗਾਰੀ ਤੇ ਮਹਿੰਗਾਈ ਦੀ ਸਮੱਸਿਆ ਹੈ। ਇੱਥੇ ਓਨੀਆਂ ਚੀਜ਼ਾਂ ਬਣਦੀਆਂ ਨਹੀਂ, ਜਿੰਨੀਆਂ ਦੀ ਲੋੜ ਹੈ, ਜਿਸ ਦਾ ਕਾਰਨ ਪਹਿਲੀਆਂ ਹੀ ਚੀਜ਼ਾਂ ਦਾ ਵਿਕਣਾ ਹੈ, ਜਦੋਂ ਨਵੀਆਂ ਵਸਤੂਆਂ ਬਣਾਉਣ ਦੀ ਲੋੜ ਹੀ ਨਹੀਂ ਤਾਂ ਰੁਜ਼ਗਾਰ ਕਿਵੇਂ ਪੈਦਾ ਹੋਵੇਗਾ?

ਪਹਿਲੀਆਂ ਚੀਜ਼ਾਂ ਇਸ ਕਰਕੇ ਨਹੀਂ ਵਿਕਦੀਆਂ, ਕਿਉਂ ਜੋ ਭਾਰਤ ਵਿਚ ਜ਼ਿਆਦਾ ਗਿਣਤੀ ਵਿਚ ਉਹ ਲੋਕ ਹਨ, ਜਿਨ੍ਹਾਂ ਦੀ ਆਮਦਨ ਭਾਰਤ ਵਿਚ ਫੈਲੀ ਨਾਬਰਾਬਰੀ ਕਰਕੇ ਬਹੁਤ ਘੱਟ ਹੈ। ਉਹ ਵਸਤੂਆਂ ਦੀ ਮੰਗ ਹੀ ਨਹੀਂ ਕਰ ਸਕਦੇ। ਇਹੋ ਹੀ ਬੇਰੁਜ਼ਗਾਰੀ ਦੀ ਵਜ੍ਹਾ ਹੈ, ਜਿਹੜੀ ਸਮੁੱਚੇ ਦੇਸ਼ ਲਈ ਚੁਣੌਤੀ ਹੈ। ਜਿਸ ਦੇਸ਼ ਵਿਚ ਪ੍ਰਵਾਸੀ ਜਾਂਦੇ ਹਨ, ਉਨ੍ਹਾਂ ਵਿਚ ਧਨ ਦੀ ਭਾਵੇਂ ਨਾ-ਬਰਾਬਰੀ ਹੋਵੇ ਆਮਦਨ ਦੀ ਨਾ-ਬਰਾਬਰੀ ਨਹੀਂ, ਇਹੋ ਵਜ੍ਹਾ ਹੈ ਕਿ ਕਈ ਮੰਤਰੀਆ ਕੋਲ ਵੀ ਡਰਾਈਵਰ ਅਤੇ ਘਰਾਂ ਦੇ ਨੌਕਰ ਨਹੀਂ।

ਕੁੱਝ ਉਹ ਉੱਦਮ ਹਨ, ਜਿਨ੍ਹਾਂ ਨੂੰ ਸਰਕਾਰਾਂ ਨੂੰ ਪਹਿਲ ਦੇ ਆਧਾਰ 'ਤੇ ਅਪਨਾਉਣਾ ਚਾਹੀਦਾ ਹੈ। ਕੀ ਵਜ੍ਹਾ ਹੈ ਕਿ ਆਈ.ਟੀ.ਆਈ. ਪਾਸ ਕਰਕੇ ਜਿਹੜਾ ਲੜਕਾ ਵਿਦੇਸ਼ਾਂ ਵਿਚ ਜਾ ਕੇ ਪਲੰਬਰ, ਫਿਟਰ ਅਤੇ ਇਲੈਕਟ੍ਰੀਸ਼ੀਅਨ ਜਾਂ ਹੋਰ ਕੰਮ ਕਰਨਾ ਚਾਹੁੰਦਾ ਹੈ, ਉਹ ਆਪਣੇ ਦੇਸ਼ ਵਿਚ ਕਿਉਂ ਨਹੀਂ ਕਰਦਾ? ਇਸ ਦੀ ਵਜ੍ਹਾ ਕਿਰਤ ਦੀ, ਕਦਰ ਦੀ ਅਣਹੋਂਦ ਹੈ, ਕਿਰਤ ਦੀ ਕਦਰ ਉਨ੍ਹਾਂ ਦੇਸ਼ਾਂ ਵਿਚ ਹੈ, ਉੱਥੇ ਹੱਥੀਂ ਕੰਮ ਕਰਨ ਵਾਲਾ ਪੈਨ ਨਾਲ ਕੰਮ ਕਰਨ ਵਾਲੇ ਦੇ ਬਰਾਬਰ ਜਾਂ ਉਸ ਤੋਂ ਉੱਚੀ ਤਨਖਾਹ ਲੈਂਦਾ ਹੈ। ਹੱਥੀਂ ਕੰਮ ਕਰਨ ਵਾਲਿਆਂ ਦੀ ਕਿਰਤ ਦੀ ਕਦਰ ਬਣਾਉਣ ਲਈ ਸਰਕਾਰ ਵਲੋਂ ਘੱਟੋ-ਘੱਟ ਉਜਰਤ ਆਮ ਬਾਊ ਤੋਂ ਜ਼ਿਆਦਾ ਕਰਨ ਨਾਲ ਚੰਗੇ ਸਿੱਟੇ ਪ੍ਰਾਪਤ ਹੋਣਗੇ।

ਪੰਜਾਬ ਵਿਚ ਜਿੰਨੇ ਉਦਯੋਗ, ਫਲਾਂ, ਸਬਜ਼ੀਆਂ ਅਤੇ ਹੋਰ ਖਾਣ ਵਾਲੀਆਂ ਵਸਤੂਆਂ ਵਰਤ ਕੇ ਕਾਮਯਾਬ ਹੋ ਸਕਦੇ ਹਨ, ਉਨੇ ਹੋਰ ਨਹੀਂ ਹੋ ਸਕਦੇ। ਖੁਰਾਕ 'ਤੇ ਆਧਾਰਿਤ ਉਦਯੋਗਾਂ ਦੀਆਂ ਬਣੀਆਂ ਵਸਤੂਆਂ, ਜੈਮ, ਮੁਰੱਬੇ ਆਦਿ ਵਿਦੇਸ਼ਾਂ ਵਿਚ ਵਿਕ ਸਕਦੇ ਹਨ ਪਰ ਅੱਜਕੱਲ੍ਹ ਜੈਮ ਅਤੇ ਜੂਸ ਵੀ ਪੰਜਾਬ ਤੋਂ ਬਾਹਰੋਂ ਆ ਕੇ ਵਿਕਦਾ ਹੈ, ਜਿਸ ਕਰਕੇ ਰੁਜ਼ਗਾਰ ਨਹੀਂ ਵਧ ਰਿਹਾ। ਕਣਕ ਪੰਜਾਬ ਸਭ ਤੋਂ ਜ਼ਿਆਦਾ ਪੈਦਾ ਕਰਦਾ ਹੈ ਪਰ ਆਟਾ ਹੋਰ ਰਾਜਾਂ ਤੋਂ ਆਉਂਦਾ ਹੈ।

ਜਿਹੜੇ ਵਿਦਿਆਰਥੀ ਸਿਰਫ ਪੜ੍ਹਨ ਦੀ ਖਾਤਰ ਬਾਹਰ ਜਾਂਦੇ ਹਨ, ਕੀ ਉਸ ਪੱਧਰ ਦੀ ਵਿੱਦਿਆ ਪੰਜਾਬ ਵਿਚ ਨਹੀਂ ਮਿਲ ਸਕਦੀ? ਪੰਜਾਬ ਤੋਂ ਬਾਹਰਲੇ ਪ੍ਰਾਂਤਾਂ ਤੋਂ ਕਈ ਵਿਦਿਆਰਥੀ ਆ ਕੇ ਪੰਜਾਬ ਦੀਆਂ ਨਿੱਜੀ ਯੂਨੀਵਰਸਿਟੀਆਂ ਵਿਚ ਪੜ੍ਹ ਰਹੇ ਹਨ। ਉਨ੍ਹਾਂ ਯੂਨੀਵਰਸਿਟੀਆਂ ਅਤੇ ਪੰਜਾਬ ਦੀਆਂ ਸਰਕਾਰੀ ਯੂਨੀਵਰਸਿਟੀਆਂ ਅਤੇ ਕਾਲਜਾਂ ਨੂੰ ਇਸ ਪੱਧਰ ਦਾ ਬਣਾਇਆ ਜਾਵੇ ਕਿ ਆਪਣੇ ਵਿਦਿਆਰਥੀ ਵੀ ਬਾਹਰ ਨਾ ਜਾਣ ਅਤੇ ਵਿਦੇਸ਼ਾਂ ਤੋਂ ਆ ਕੇ ਵਿਦਿਆਰਥੀ ਵੀ ਬਾਹਰ ਨਾ ਜਾਣ ਅਤੇ ਵਿਦੇਸ਼ਾਂ ਤੋਂ ਆ ਕੇ ਵਿਦਿਆਰਥੀ ਇੱਥੇ ਪੜ੍ਹਨ।

ਵਿਕਸਿਤ ਦੇਸ਼ਾਂ ਵਿਚ ਮਿਲਣ ਵਾਲੀ ਸਮਾਜਿਕ ਸੁਰੱਖਿਆ ਜਿਵੇਂ ਪੈਨਸ਼ਨ, +2 ਤੱਕ ਮੁਫਤ ਵਿੱਦਿਆ, ਵਧੀਆ ਅਤੇ ਮੁਫਤ ਇਲਾਜ ਪੰਜਾਬੀ ਪ੍ਰਵਾਸੀਆਂ ਲਈ ਆਕਰਸ਼ਿਤ ਦੀਆਂ ਮੱਦਾਂ ਹਨ। ਉਹੋ ਜਿਹੀ ਸਮਾਜਿਕ ਸੁਰੱਖਿਆ ਵਧਾਉਣ ਵੱਲ ਵਧਣਾ ਚਾਹੀਦਾ ਹੈ। ਉਨ੍ਹਾਂ ਦੇਸ਼ਾਂ ਵਿਚ ਜਾ ਕੇ ਰਹਿਣ ਵਾਲੇ ਪ੍ਰਵਾਸੀਆਂ ਲਈ ਵੀ ਪੂਰੇ ਮਨੁੱਖੀ ਅਧਿਕਾਰ ਹਨ, ਜਿਨ੍ਹਾਂ ਨੂੰ ਪ੍ਰਾਪਤ ਕਰਨ ਲੱਗਿਆਂ ਉਹ ਭਾਰਤ ਵਿਚ ਮੁਸ਼ਕਿਲ ਮਹਿਸੂਸ ਕਰਦੇ ਹਨ, ਉਸ ਤਰ੍ਹਾਂ ਦੇ ਮਨੁੱਖੀ ਅਧਿਕਾਰ ਕਿਸੇ ਖਰਚ ਤੋਂ ਬਗੈਰ ਅਤੇ ਥੋੜ੍ਹੇ ਸਮੇਂ ਵਿਚ ਹਰ ਇਕ ਨੂੰ ਮਿਲਣ ਨਾਲ ਵਿਦੇਸ਼ਾਂ ਦੀ ਉਹ ਖਿੱਚ ਘੱਟ ਜਾਵੇਗੀ, ਜਿਹੜੀ ਅੱਜਕੱਲ੍ਹ ਨਾ ਸਿਰਫ ਨੌਜਵਾਨਾਂ, ਸਗੋਂ ਬਜ਼ੁਰਗਾਂ ਨੂੰ ਵੀ ਆਕਰਸ਼ਿਤ ਕਰਦੀ ਹੈ।

ਸਿਰਫ ਸਟੇਜਾਂ 'ਤੇ ਭਾਸ਼ਣ ਕਰਨ ਨਾਲ ਜਾਂ ਅਪੀਲਾਂ ਕਰਨ ਨਾਲ ਪੰਜਾਬ ਤੋਂ ਹੋਣ ਵਾਲਾ ਪ੍ਰਵਾਸ ਖਾਸ ਕਰਕੇ



ਵਿਦਿਆਰਥੀਆਂ ਦਾ ਪ੍ਰਵਾਸ ਨਹੀਂ ਰੁੱਕ ਸਕਦਾ, ਉਹ ਪ੍ਰਵਾਸ ਤਾਂ ਹੀ ਰੁੱਕ ਸਕਦਾ ਹੈ, ਜੇ ਉਹੋ ਜਿਹਾ ਢਾਂਚਾ ਜਿਸ ਵਿਚ ਉਨ੍ਹਾਂ ਦੀ ਵਿੱਦਿਆ ਪੂਰੀ ਕਰਨ ਤੋਂ ਬਾਅਦ ਆਪਣੇ ਘਰ ਦੇ ਕੋਲ ਹੀ ਉਨ੍ਹਾਂ ਦੀ ਯੋਗਤਾ ਦੇ ਅਨੁਸਾਰ ਰੁਜ਼ਗਾਰ ਮਿਲ ਸਕਦਾ ਹੋਵੇ, ਉਹ ਮਿਲੇ। ਇਸ ਲਈ ਉਦਯੋਗਾਂ ਅਤੇ ਵਿੱਦਿਅਕ ਸੰਸਥਾਵਾਂ ਵਿਚ ਸੰਪਰਕ ਬਣਨਾ ਚਾਹੀਦਾ ਹੈ।

ਵਿਦਿਆਰਥੀਆਂ ਦੀ ਯੋਗਤਾ ਅਨੁਸਾਰ ਉਦਯੋਗ ਲੱਗਣ ਜਾਂ ਉਦਯੋਗਾਂ ਦੀ ਲੋੜ ਅਨੁਸਾਰ ਵਿੱਦਿਅਕ ਸਿਲੇਬਸ ਬਣੇ, ਜਿਸ ਨਾਲ ਉਹੋ ਜਿਹੀ ਖੁਸ਼ਹਾਲੀ ਦੇ ਅਵਸਰ ਪੈਦਾ ਹੋਣ, ਜਿਨ੍ਹਾਂ ਲਈ ਉਹ ਬਾਹਰ ਜਾਂਦੇ ਹਨ, ਪਰ ਇਹ ਸ਼ੁਰੂ ਕਦੋਂ ਹੋਵੇਗਾ ਇਹ ਵੱਡਾ ਪ੍ਰਸ਼ਨ ਚਿੰਨ੍ਹ ਹੈ।

# ਆਲੂ ਦੀ ਫ਼ਸਲ 'ਤੇ ਝੁਲਸ ਰੋਗ ਨੇ ਦਿੱਤੀ ਦਸਤਕ, ਪੌਦੇ ਪੀਲੇ ਪੈ ਰਹੇ, ਕਿਸਾਨਾਂ ਨੂੰ ਉਤਪਾਦਨ ਘੱਟ ਹੋਣ ਦਾ ਖਦਸ਼ਾ

## ਕਿਸਾਨਾਂ ਨੂੰ ਢਾਈ ਹਜ਼ਾਰ ਪ੍ਰਤੀ ਏਕੜ ਦੀ ਲਾਗਤ ਨਾਲ ਦਵਾਈ ਦਾ ਛਿੜਕਾਅ ਕਰਨਾ ਪੈ ਰਿਹਾ, ਪੌਦਿਆਂ ਦੀ ਗ੍ਰੋਥ ਰੁੱਕਣ ਕਾਰਨ ਚਿੰਤਾ ਵਧੀ

ਜ਼ਬਰਦਸਤ ਸ਼ੀਤ ਲਹਿਰ ਅਤੇ ਠੰਡ ਕਾਰਨ ਫ਼ਸਲਾਂ 'ਤੇ ਇਸਦਾ ਅਸਰ ਦਿਖਾਈ ਦੇਣ ਲੱਗਾ ਹੈ। ਕੋਹਰੇ ਅਤੇ ਸ਼ੀਤ ਲਹਿਰ ਨੇ ਫ਼ਸਲਾਂ 'ਤੇ ਵੀ ਆਪਣਾ ਕਹਿਰ ਦਿਖਾਉਣਾ ਸ਼ੁਰੂ ਕਰ ਦਿੱਤਾ ਹੈ। ਆਲੂ ਦੀ ਫ਼ਸਲ ਵਿੱਚ ਝੁਲਸਾ ਰੋਗ ਨੇ ਦਸਤਕ ਦੇ ਦਿੱਤੀ ਹੈ। ਖੇਤਾਂ ਵਿੱਚ ਲੱਗੀ ਆਲੂ ਦੀ ਫ਼ਸਲ ਦੇ ਪੌਦੇ ਪੀਲੇ ਪੈ ਗਏ ਹਨ, ਜਿਸ ਨਾਲ ਉਤਪਾਦਨ ਘਟਣ ਦਾ ਖਦਸ਼ਾ ਬਣਿਆ ਹੋਇਆ ਹੈ। ਉਥੇ ਹੀ ਸ਼ੀਤ ਲਹਿਰ ਕਾਰਨ ਸਬਜ਼ੀਆਂ ਦੀ ਗ੍ਰੋਥ ਵੀ ਪ੍ਰਭਾਵਿਤ ਹੋ ਗਈ ਹੈ। ਜੇਕਰ ਲੰਬੇ ਸਮੇਂ ਤੱਕ ਅਜਿਹਾ ਹੀ ਮੌਸਮ ਬਣਿਆ ਰਿਹਾ ਤਾਂ ਆਲੂ ਅਤੇ ਸਬਜ਼ੀਆਂ ਨੂੰ ਬਹੁਤ ਵੱਡਾ ਨੁਕਸਾਨ ਹੋ ਸਕਦਾ ਹੈ। ਫਿਲਹਾਲ ਖੇਤਾਂ ਵਿੱਚ ਲੱਗੀ ਆਲੂ ਦੀ ਫ਼ਸਲ ਨੂੰ ਦੇਖ ਕੇ ਕਿਸਾਨ ਚਿੰਤਾ ਵਿੱਚ ਹਨ। ਪਿੰਡ ਐਂਜਲਾ ਦੇ ਅਵਤਾਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਆਲੂ ਦੀ ਫ਼ਸਲ ਲਗਾਈ ਹੋਈ ਹੈ। ਪਾਰਾ ਡਿੱਗਣ ਅਤੇ ਧੁੱਪ ਨਾ ਨਿਕਲਣ ਕਰਕੇ ਫ਼ਸਲ ਰੋਗ ਗ੍ਰਸਤ ਹੋ ਰਹੀ ਹੈ। ਪੌਦੇ ਮੁਰਝਾਉਣ ਲੱਗੇ ਹਨ।

ਸ਼ੁਰੂਆਤੀ ਦੌਰ ਵਿੱਚ ਆਲੂ ਦੇ ਪੌਦੇ ਬਿਲਕੁੱਲ ਹਰੇ ਸਨ। ਹੁਣ ਅਜਿਹੇ ਪੌਦਿਆਂ ਦੀ ਵੀ ਗ੍ਰੋਥ ਰੁੱਕ ਗਈ ਹੈ। ਝੁਲਸਾ ਰੋਗ ਦੇ ਕਾਰਨ ਪੌਦੇ ਦੀਆਂ ਜੜ੍ਹਾਂ ਅਤੇ ਪੱਤੀਆਂ ਮਰਝਾਉਣ ਲੱਗੀਆਂ ਹਨ। ਜੇਕਰ ਪੁਰਵਾ ਹਵਾ ਚੱਲੀ ਤਾਂ ਇਨ੍ਹਾਂ ਫ਼ਸਲਾਂ ਨੂੰ ਬਚਾਉਣਾ ਮੁਸ਼ਕਿਲ ਹੋ ਜਾਵੇਗਾ। ਵੱਧ ਤੋਂ ਵੱਧ ਅਤੇ ਘੱਟ ਤੋਂ ਘੱਟ ਤਾਪਮਾਨ ਵਿੱਚ ਲਗਾਤਾਰ



ਗਿਰਾਵਟ ਜਾਰੀ ਹੈ। ਆਲੂ ਦੀ ਫ਼ਸਲ 'ਤੇ ਝੁਲਸਾ ਰੋਗ ਦੇ ਨਾਲ ਹੀ ਗਲਨ ਅਤੇ ਪੱਤੀਆਂ ਦੇ ਮੁਰਝਾਉਣ ਦੀ ਬਿਮਾਰੀ ਆ ਗਈ ਹੈ। ਜੇਕਰ ਇਸ ਤਰ੍ਹਾਂ ਦਾ ਮੌਸਮ ਬਣਿਆ ਰਿਹਾ ਤਾਂ ਆਲੂ ਦੀ ਫ਼ਸਲ ਪੂਰੀ ਤਰ੍ਹਾਂ ਬਿਮਾਰੀਆਂ ਦੀ ਲਪੇਟ ਵਿੱਚ ਆ ਜਾਣ ਨਾਲ ਉਤਪਾਦਨ ਵਿੱਚ ਕਮੀ ਅਤੇ ਕਿਸਾਨਾਂ ਨੂੰ ਆਰਥਿਕ ਨੁਕਸਾਨ ਹੋਵੇਗਾ। ਕਿਸਾਨ ਗੁਰਦੇਵ ਸਿੰਘ ਨੇ ਦੱਸਿਆ ਕਿ ਆਲੂ ਦੇ ਪੌਦੇ ਸੁੱਕਣ ਲੱਗੇ ਹਨ। ਰੋਗ ਤੋਂ ਬਚਾਉਣ ਲਈ 5 ਦਿਨਾਂ ਦੇ ਵਕਫੇ 'ਤੇ ਢਾਈ ਹਜ਼ਾਰ ਪ੍ਰਤੀ ਏਕੜ ਦੀ ਲਾਗਤ ਨਾਲ ਦਵਾਈ ਦਾ ਛਿੜਕਾਅ ਕਰਨਾ ਪੈ ਰਿਹਾ ਹੈ। ਕਿਸਾਨ ਜੱਸਾ ਸਿੰਘ ਨਾਗਰਾ ਨੇ ਦੱਸਿਆ ਕਿ ਝੁਲਸਾ ਰੋਗ ਆਲੂ ਦੀ ਫ਼ਸਲ ਲਈ ਇੱਕ ਮਹਾਮਾਰੀ ਹੈ। ਇਸ ਰੋਗ ਨਾਲ ਆਲੂ ਦੀ ਫ਼ਸਲ ਪੂਰੀ ਤਰ੍ਹਾਂ ਨਸ਼ਟ ਹੋ ਜਾਂਦੀ ਹੈ। ਆਲੂ ਦੇ ਪੌਦੇ ਨੂੰ ਬਚਾਉਣ ਲਈ ਦਵਾਈ ਦੇ ਨਾਲ ਖੇਤਾਂ ਵਿੱਚ ਧੁੱਪ ਲੱਗਣਾ ਬਹੁਤ ਜ਼ਰੂਰੀ ਹੈ।

### ਕਿਵੇਂ ਫ਼ਸਲ ਨੂੰ ਲੱਗਦੀ ਹੈ ਬਿਮਾਰੀ

ਇਹ ਰੋਗ ਫਾਇਟੋਪਥੋਰਾ ਇਨਫੈਕਟੇਂਟ ਨਾਮਕ ਉੱਲੀ ਦੇ ਕਾਰਨ ਫੈਲਦਾ ਹੈ। ਆਲੂ ਦਾ ਪਿਛੇਤੀ ਅੰਗਮਾਰੀ ਰੋਗ ਬੇਹੱਦ ਵਿਨਾਸ਼ਕਾਰੀ ਹੈ। ਜਦੋਂ ਵਾਤਵਰਣ ਵਿੱਚ ਨਮੀ ਅਤੇ ਰੋਸ਼ਨੀ ਘੱਟ ਹੁੰਦੀ ਹੈ ਅਤੇ ਕਈ ਦਿਨਾਂ ਤੱਕ ਬਾਰਿਸ਼ ਜਾਂ ਬਾਰਿਸ਼ ਵਰਗਾ ਮਾਹੌਲ ਹੁੰਦਾ ਹੈ, ਉਦੋਂ ਇਸ ਰੋਗ ਦਾ ਹਮਲਾ ਪੌਦੇ 'ਤੇ ਪੱਤੀਆਂ ਤੋਂ ਸ਼ੁਰੂ ਹੁੰਦਾ ਹੈ। ਇਹ ਰੋਗ 4 ਤੋਂ 5 ਦਿਨਾਂ ਦੇ ਅੰਦਰ ਪੌਦਿਆਂ ਦੀਆਂ ਸਾਰੀਆਂ ਹਰੀਆਂ ਪੱਤੀਆਂ ਨੂੰ ਨਸ਼ਟ ਕਰ ਸਕਦਾ ਹੈ। ਪੱਤੀਆਂ ਦੀ ਹੇਠਲੀ ਸਤ੍ਹਾ 'ਤੇ ਸਫੈਦ ਰੰਗ ਦੇ ਗੋਲੇ-ਗੋਲੇ ਬਣ ਜਾਂਦੇ ਹਨ, ਜੋ ਬਾਅਦ ਵਿੱਚ ਭੂਰੇ ਅਤੇ ਕਾਲੇ ਹੋ ਜਾਂਦੇ ਹਨ। ਪੱਤੀਆਂ ਦੇ ਬਿਮਾਰ ਹੋਣ ਨਾਲ ਆਲੂ ਦੇ ਕੰਦਾਂ ਦਾ ਆਕਾਰ ਛੋਟਾ ਹੋ ਜਾਂਦਾ ਹੈ ਅਤੇ ਉਤਪਾਦਨ ਵਿੱਚ ਕਮੀ ਆ ਜਾਂਦੀ ਹੈ।

### ਕੀ ਕਹਿੰਦੇ ਹਨ ਖੇਤੀ ਅਧਿਕਾਰੀ

ਕ੍ਰਿਸ਼ੀ ਵਿਗਿਆਨ ਕੇਂਦਰ, ਕਪੂਰਥਲਾ ਦੇ ਡਿਪਟੀ ਡਾਇਰੈਕਟਰ ਡਾ. ਹਰਿੰਦਰ ਸਿੰਘ ਦਾ ਕਹਿਣਾ ਹੈ ਕਿ ਆਲੂ ਦੀ ਸਫਲ ਖੇਤੀ ਲਈ ਇਸ ਰੋਗ ਦੇ ਪ੍ਰਬੰਧਨ ਦੇ ਲਈ ਪਹਿਲਾਂ ਤੋਂ ਉੱਲੀਨਾਸ਼ਕ ਦੀ ਖਰੀਦ ਕਰਕੇ ਰੱਖ ਲੈਣੀ ਚਾਹੀਦੀ ਹੈ। ਤਤਕਾਲ ਕਿਸਾਨਾਂ ਨੂੰ 700 ਗ੍ਰਾਮ ਮੇਲੋਡੀ ਡਿਊ / ਰੀਵਸ 250 ਐਸ. ਸੀ. 250 ਮਿਲੀਲੀਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰਨ ਦੀ ਸਲਾਹ ਦਿੱਤੀ ਹੈ। ਜਿੱਥੇ ਝੁਲਸਾ ਬਿਮਾਰੀ ਨਹੀਂ ਹੋਈ ਹੈ, ਉੱਥੇ ਕਿਸਾਨ ਇੰਡੋਫਿਲ ਐਮ-45 ਦਾ ਛਿੜਕਾਅ ਕਰੋ।

# ਪੰਜਾਬ ਸਰਕਾਰ ਨੇ ਘੋੜਿਆਂ ਦੇ ਮੇਲਿਆਂ ਤੋਂ ਪਾਬੰਦੀ ਹਟਾਈ

## ਮੁਕਤਸਰ ਵਿੱਚ ਘੋੜਿਆਂ ਦੇ ਮੇਲੇ ਲਈ ਰਾਹ ਹੋਇਆ ਪੱਧਰਾ, ਮੇਲਿਆਂ ਲਈ ਸ਼ਰਤਾਂ ਸਮੇਤ ਦਿੱਤੀ ਜਾਵੇਗੀ ਪ੍ਰਵਾਨਗੀ

ਪੰਜਾਬ ਸਰਕਾਰ ਨੇ ਸੂਬੇ ਵਿੱਚ ਘੋੜਿਆਂ ਦੇ ਮੇਲਿਆਂ 'ਤੇ ਲਗਾਈ ਪਾਬੰਦੀ ਹਟਾ ਦਿੱਤੀ ਹੈ, ਜਿਸ ਮਗਰੋਂ ਮਾਘੀ ਮੇਲੇ ਦੌਰਾਨ ਮੁਕਤਸਰ ਵਿੱਚ ਲੱਗਣ ਵਾਲੇ



ਘੋੜਿਆਂ ਦੇ ਮੇਲੇ ਲਈ ਰਾਹ ਪੱਧਰਾ ਹੋ ਗਿਆ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਪੰਜਾਬ ਵਿੱਚ ਘੋੜਿਆਂ ਨੂੰ 'ਗਲੈਂਡਰ' ਨਾਂ ਦੀ ਬਿਮਾਰੀ ਹੋਣ ਦੇ ਮਾਮਲੇ ਸਾਹਮਣੇ ਆਉਣ ਮਗਰੋਂ ਸੂਬਾ ਸਰਕਾਰ ਨੇ ਘੋੜਿਆਂ ਦੇ ਮੇਲੇ 'ਤੇ ਪਾਬੰਦੀ ਲਗਾ ਦਿੱਤੀ ਸੀ। ਏਸ਼ੀਆ ਦਾ ਸਭ ਤੋਂ ਵੱਡਾ ਘੋੜਿਆਂ ਦਾ ਮੇਲਾ ਸ੍ਰੀ ਮੁਕਤਸਰ ਸਾਹਿਬ ਦੇ ਮਾਘੀ ਮੇਲੇ ਦੌਰਾਨ ਲੱਗਦਾ ਹੈ, ਜਿੱਥੇ ਦੂਸਰੇ ਸੂਬਿਆਂ ਤੋਂ ਵੀ ਘੋੜੇ ਆਉਂਦੇ ਹਨ। ਪਸ਼ੂ-ਪਾਲਣ ਅਤੇ ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਪਸ਼ੂ ਪਾਲਣ ਵਿਭਾਗ ਦੇ ਅਧਿਕਾਰੀਆਂ ਨਾਲ ਉੱਚ ਪੱਧਰੀ ਮੀਟਿੰਗ ਕਰਨ ਮਗਰੋਂ ਪੰਜਾਬ ਵਿੱਚ ਇਕੱਲੇ ਹੁਸ਼ਿਆਰਪੁਰ ਜ਼ਿਲ੍ਹੇ ਨੂੰ ਛੱਡ ਕੇ ਘੋੜਿਆਂ ਦੇ ਮੇਲੇ 'ਤੇ ਲਗਾਈ ਪਾਬੰਦੀ ਹਟਾਉਣ ਦਾ ਫੈਸਲਾ ਲਿਆ ਹੈ। ਮਿਲੇ ਵੇਰਵਿਆਂ ਅਨੁਸਾਰ ਪੰਜਾਬ ਵਿੱਚ ਮਈ 2023 ਵਿੱਚ ਸਭ ਤੋਂ ਪਹਿਲਾਂ ਘੋੜਿਆਂ ਵਿੱਚ 'ਗਲੈਂਡਰ' ਨਾਂ ਦੀ ਬਿਮਾਰੀ ਦੇ ਕੇਸ ਬਠਿੰਡਾ ਜ਼ਿਲ੍ਹੇ ਦੇ ਪਿੰਡ ਲਹਿਰਾ ਮੁਹੱਬਤ ਵਿੱਚ ਮਿਲੇ ਸਨ, ਜਿੱਥੇ ਇੱਕ ਘੋੜੇ ਦੀ ਮੌਤ ਹੋ ਗਈ ਸੀ, ਜਦੋਂਕਿ ਘੋੜੇ ਦੇ ਮਾਲਕ ਨੇ ਦੋ ਘੋੜੇ ਗਾਇਬ ਕਰ ਦਿੱਤੇ ਸਨ। ਇਸ ਮਗਰੋਂ ਘੋੜਾ ਮਾਲਕ ਖਿਲਾਫ ਕੇਸ ਵੀ ਦਰਜ ਹੋਇਆ ਸੀ। ਬਾਅਦ ਵਿੱਚ ਗਾਇਬ ਘੋੜੇ ਫਿਰੋਜ਼ਪੁਰ ਵਿੱਚੋਂ ਮਿਲੇ ਸਨ, ਜਿਨ੍ਹਾਂ ਵਿੱਚੋਂ ਇੱਕ ਦੀ ਮੌਤ ਹੋ ਗਈ ਸੀ। 'ਗਲੈਂਡਰ' ਬਿਮਾਰੀ ਦੇ ਕੇਸ ਬਠਿੰਡਾ ਤੋਂ ਇਲਾਵਾ ਲੁਧਿਆਣਾ, ਅੰਮ੍ਰਿਤਸਰ ਅਤੇ ਹੁਸ਼ਿਆਰਪੁਰ ਵਿੱਚ ਵੀ ਮਿਲੇ ਸਨ।

ਪਸ਼ੂ-ਪਾਲਣ ਮੰਤਰੀ ਨੇ ਦੱਸਿਆ ਕਿ ਬਠਿੰਡਾ, ਲੁਧਿਆਣਾ ਅਤੇ ਅੰਮ੍ਰਿਤਸਰ ਜ਼ਿਲ੍ਹਿਆਂ ਵਿੱਚ ਘੋੜਿਆਂ ਦੀ ਲਗਾਤਾਰ ਜਾਂਚ ਕਰਵਾਈ ਗਈ ਹੈ ਅਤੇ ਇਨ੍ਹਾਂ ਜ਼ਿਲ੍ਹਿਆਂ ਵਿੱਚ ਹੁਣ ਕੋਈ ਕੇਸ ਪਾਜ਼ਟਿਵ ਨਹੀਂ ਆਇਆ ਹੈ, ਜਦੋਂਕਿ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਟੈਸਟਿੰਗ ਹਾਲੇ ਵੀ ਜਾਰੀ ਹੈ। ਉਨ੍ਹਾਂ ਦੱਸਿਆ ਕਿ ਇਕੱਲੇ ਹੁਸ਼ਿਆਰਪੁਰ ਜ਼ਿਲ੍ਹੇ ਨੂੰ ਛੱਡ ਕੇ ਬਾਕੀ ਪੰਜਾਬ ਵਿੱਚ ਘੋੜਿਆਂ ਦੇ ਮੇਲਿਆਂ ਅਤੇ ਮੰਡੀਆਂ ਤੋਂ ਪਾਬੰਦੀ ਹਟਾ ਲਈ ਗਈ ਹੈ। ਇਨ੍ਹਾਂ ਮੇਲਿਆਂ ਲਈ ਸ਼ਰਤਾਂ ਸਮੇਤ ਪ੍ਰਵਾਨਗੀ ਦਿੱਤੀ ਜਾਵੇਗੀ। ਪ੍ਰਾਪਤ ਵੇਰਵਿਆਂ ਅਨੁਸਾਰ ਮੇਲੇ ਵਿੱਚ ਸ਼ਾਮਲ ਹੋਣ ਵਾਲੇ ਹਰੇਕ ਘੋੜੇ ਲਈ 'ਗਲੈਂਡਰ' ਨਾਂ ਦੀ ਬਿਮਾਰੀ ਦੇ ਨੈਗੇਟਿਵ ਹੋਣ ਦੀ ਰਿਪੋਰਟ ਲਾਜ਼ਮੀ ਕੀਤੀ ਗਈ ਹੈ। ਮੇਲਿਆਂ ਦੇ ਦਾਖਲਾ ਗੇਟਾਂ 'ਤੇ ਪਸ਼ੂ-ਪਾਲਣ ਵਿਭਾਗ ਦੇ ਮਾਹਿਰਾਂ ਦੀਆਂ ਟੀਮਾਂ ਹਾਜ਼ਰ ਰਹਿਣਗੀਆਂ, ਜੋ ਕਿ ਘੋੜਿਆਂ ਦੀ ਫਿਜ਼ੀਕਲ ਜਾਂਚ ਕਰਨਗੀਆਂ। ਦੱਸਣਯੋਗ ਹੈ ਕਿ ਪੰਜਾਬ ਵਿੱਚ ਮੁਕਤਸਰ ਤੋਂ ਇਲਾਵਾ ਘੋੜਿਆਂ ਦੇ ਮੇਲੇ ਨਾਭਾ ਤੇ ਜਗਰਾਉਂ ਵਿੱਚ ਵੀ ਲੱਗਦੇ ਹਨ, ਜਿੱਥੇ ਘੋੜਿਆਂ ਦੀ ਕਰੋੜਾਂ ਰੁਪਏ ਦੀ ਖਰੀਦੋ-ਫਰੋਖਤ ਹੁੰਦੀ ਹੈ। ਗੁਆਂਢੀ ਸੂਬੇ ਰਾਜਸਥਾਨ ਵਿੱਚ ਵੀ ਪੁਸ਼ਕਰ ਮੇਲਾ ਲੱਗ ਚੁੱਕਾ ਹੈ ਅਤੇ ਹਨੂੰਮਾਨਗੜ੍ਹ ਵਿੱਚ ਵੀ ਦਸੰਬਰ ਮਹੀਨੇ ਵਿੱਚ ਘੋੜਿਆਂ ਦਾ ਮੇਲਾ ਲੱਗਿਆ ਹੈ। ਘੋੜਿਆਂ ਦੇ ਮਾਲਕ ਪਾਬੰਦੀ ਤੋਂ ਕਾਫੀ ਪ੍ਰੇਸ਼ਾਨ ਸਨ, ਕਿਉਂਕਿ ਘੋੜਿਆਂ ਦਾ ਕਾਰੋਬਾਰ ਠੱਪ ਹੋ ਗਿਆ ਸੀ ਅਤੇ ਉਨ੍ਹਾਂ ਨੂੰ ਵਿੱਤੀ ਘਾਟਾ ਝੱਲਣਾ ਪੈ ਰਿਹਾ ਸੀ।

### ਘੋੜਿਆਂ ਦੇ ਮਾਲਕ ਨਿਰਦੇਸ਼ਾਂ ਦੀ ਪਾਲਣਾ ਕਰਨ : ਬਾਲੀ

ਪਸ਼ੂ-ਪਾਲਣ ਵਿਭਾਗ ਦੀ ਉੱਤਰ ਖੇਤਰ ਦੀ ਜਲੰਧਰ ਵਿਚਲੀ ਖੇਤਰੀ ਪ੍ਰਯੋਗਸ਼ਾਲਾ ਦੇ ਸੰਯੁਕਤ ਡਾਇਰੈਕਟਰ ਡਾ. ਰਾਜੀਵ ਬਾਲੀ ਨੇ ਘੋੜਿਆਂ ਦੇ ਮਾਲਕਾਂ ਨੂੰ ਅਪੀਲ ਕੀਤੀ ਹੈ ਕਿ 'ਗਲੈਂਡਰ' ਬਿਮਾਰੀ ਬਹੁਤ ਖਤਰਨਾਕ ਹੈ, ਜਿਸ ਨੂੰ ਅਵੇਸਲੇ ਵਿੱਚ ਨਹੀਂ ਲੈਣਾ ਚਾਹੀਦਾ। ਉਨ੍ਹਾਂ ਕਿਹਾ ਕਿ ਘੋੜਿਆਂ ਦੇ ਮਾਲਕ ਸਰਕਾਰ ਵੱਲੋਂ ਜਾਰੀ ਨਿਰਦੇਸ਼ਾਂ ਦੀ ਪਾਲਣਾ ਕਰਨ। ਉਨ੍ਹਾਂ ਦੱਸਿਆ ਕਿ ਸੂਬੇ ਵਿੱਚ ਹੁਣ ਤੱਕ ਇਸ ਬਿਮਾਰੀ ਨਾਲ ਸੱਤ ਘੋੜਿਆਂ ਦੀ ਮੌਤ ਹੋ ਚੁੱਕੀ ਹੈ।

# ਸੋਲਰ ਲਾਈਟਾਂ ਤੇ ਸੋਲਰ ਟਿਊਬਵੈਲਾਂ ਨੂੰ ਸਪਲਾਈ ਹੋ ਰਹੀ ਪ੍ਰਭਾਵਿਤ

## ਧੁੱਪ ਨਾ ਨਿਕਲਣ ਕਾਰਨ ਸੋਲਰ ਸਿਸਟਮ ਹੋਏ ਬੰਦ

ਪਿਛਲੇ ਕਈ ਦਿਨਾਂ ਤੋਂ ਪੈ ਰਹੀ ਸੰਘਣੀ ਧੁੰਦ ਕਾਰਨ ਜਿੱਥੇ ਹਵਾਈ ਉਡਾਣਾਂ ਤੇ ਰੇਲ ਸੇਵਾਵਾਂ ਅਤੇ ਆਵਾਜਾਈ ਪ੍ਰਭਾਵਿਤ ਹੋ ਰਹੀ ਹੈ, ਉਥੇ ਸੰਘਣੀ ਧੁੰਦ ਦੇ ਲਪੇਟੇ ਵਿੱਚ ਆਏ ਸੂਰਜ ਦੇਵਤਾ ਦੀਆਂ ਕਿਰਨਾਂ ਨਾ ਨਿਕਲਣ ਕਾਰਨ ਸੋਲਰ ਸਿਸਟਮ ਬੰਦ ਹੋਣ ਕਰਕੇ ਸੋਲਰ ਲਾਈਟਾਂ ਤੇ ਸੋਲਰ ਟਿਊਬਵੈਲਾਂ ਤੇ ਸਪਲਾਈ ਪ੍ਰਭਾਵਿਤ ਹੋਣ ਕਾਰਨ ਆਮ ਲੋਕਾਂ ਤੇ ਕਿਸਾਨਾਂ ਨੂੰ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਾਣਕਾਰੀ ਅਨੁਸਾਰ ਜੰਮੂ ਕਸ਼ਮੀਰ ਤੇ ਹਿਮਾਚਲ ਨਾਲ ਲੱਗਦੇ ਸਰਹੱਦੀ ਜ਼ਿਲ੍ਹੇ ਗੁਰਦਾਸਪੁਰ ਵਿੱਚ ਇਸ ਸਮੇਂ ਸਰਦੀ ਦੇ ਮੌਸਮ ਦੌਰਾਨ ਕੜਾਕੇ ਦੀ ਸਰਦੀ ਅਤੇ ਸੰਘਣੀ ਧੁੰਦ ਦਾ ਪ੍ਰਕੋਪ ਜ਼ੋਰਾਂ 'ਤੇ ਹੈ। ਪਿਛਲੇ ਕਈ ਦਿਨਾਂ ਤੋਂ ਪੈ ਰਹੀ ਸੰਘਣੀ ਧੁੰਦ ਕਾਰਨ ਜਿੱਥੇ ਆਵਾਜਾਈ ਪ੍ਰਭਾਵਿਤ ਹੋਈ ਹੈ, ਉੱਥੇ ਸੰਘਣੀ ਧੁੰਦ ਦੌਰਾਨ ਸੂਰਜ ਦੇਵਤੇ ਦੀਆਂ ਕਿਰਨਾਂ ਨਾ ਨਿਕਲਣ ਕਰਕੇ ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਵਿੱਚ ਰੋਸ਼ਨੀ ਲਈ ਲਾਈਆਂ ਗਈਆਂ ਸਟਰੀਟ ਲਾਈਟਾਂ ਤੋਂ ਇਲਾਵਾ ਕਿਸਾਨਾਂ ਵੱਲੋਂ ਆਪਣੇ ਖੇਤਾਂ ਵਿੱਚ ਪਾਣੀ ਦੀ ਸਿੰਚਾਈ ਲਈ ਲਗਾਏ ਸੋਲਰ ਸਿਸਟਮ ਬੰਦ ਹੋਣ ਕਾਰਨ ਸਿੰਚਾਈ ਪ੍ਰਭਾਵਿਤ ਹੋ ਰਹੀ ਹੈ। ਇਸ ਸੰਬੰਧੀ ਕਿਸਾਨ ਲਖਵਿੰਦਰਜੀਤ ਸਿੰਘ ਕੰਗ, ਧਰਮਿੰਦਰਜੀਤ ਸਿੰਘ, ਅਵਤਾਰ ਸਿੰਘ ਲਾਡੀ, ਗੁਰਦਿਆਲ ਸਿੰਘ, ਅੰਮ੍ਰਿਤਪਾਲ ਸਿੰਘ ਕਾਹਲੋਂ, ਹਰਜੀਤ ਸਿੰਘ ਆਦਿ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਬਿਜਲੀ ਦੀ ਬੱਚਤ ਦੇ ਮਨੋਰਥ ਨਾਲ ਆਪਣੇ ਖੇਤਾਂ ਵਿੱਚ ਫ਼ਸਲਾਂ ਨੂੰ ਪਾਣੀ ਦੀ ਸਿੰਚਾਈ ਦੇਣ ਲਈ ਸੋਲਰ ਸਿਸਟਮ ਨਾਲ ਚੱਲਣ ਵਾਲੇ ਟਿਊਬਵੈਲ ਲਗਾਏ ਹੋਏ ਹਨ। ਪਿਛਲੇ ਦਿਨਾਂ ਤੋਂ ਪੈ ਰਹੀ ਸੰਘਣੀ ਧੁੰਦ ਕਾਰਨ ਸੂਰਜ ਦੇਵਤੇ ਦੇ ਦੀਦਾਰ ਨਾ ਹੋਣ ਕਰਕੇ ਸੋਲਰ ਸਿਸਟਮ ਨੂੰ ਸੂਰਜੀ ਕਿਰਨਾਂ ਨਾ ਮਿਲਣ ਕਰਕੇ ਸੋਲਰ ਸਿਸਟਮ ਬੰਦ ਪਏ ਹੋਏ ਹਨ। ਕਈ ਕਿਸਾਨ ਕੇਵਲ ਸੋਲਰ ਸਿਸਟਮ ਦੇ ਟਿਊਬਵੈਲਾਂ 'ਤੇ ਹੀ ਨਿਰਭਰ ਹਨ। ਜਿਨ੍ਹਾਂ ਨੂੰ ਹੁਣ ਆਪਣੀਆਂ ਫ਼ਸਲਾਂ ਨੂੰ ਪਾਣੀ ਦੀ ਸਿੰਚਾਈ ਕਰਨ ਲਈ ਮੁਸ਼ਕਲ ਆ ਰਹੀ ਹੈ। ਇਸ ਮੌਕੇ ਪਿੰਡ ਵਾਸੀ ਬਿਕਰਮਜੀਤ ਸਿੰਘ, ਬਾਬਾ ਜਗਦੀਪ ਸਿੰਘ, ਕੁਲਵੰਤ ਸਿੰਘ, ਆਦਿ ਨੇ ਦੱਸਿਆ ਕਿ ਉਹਨਾਂ ਦੇ ਪਿੰਡਾਂ ਵਿੱਚ ਸੋਲਰ ਸਿਸਟਮ ਨਾਲ ਚੱਲਣ ਵਾਲੀਆਂ ਲੱਗੀਆਂ ਸਟਰੀਟ ਲਾਈਟਾਂ ਪਿਛਲੇ ਦਿਨਾਂ ਤੋਂ ਪੈ ਰਹੀ ਸੰਘਣੀ ਧੁੰਦ ਕਾਰਨ ਬੰਦ ਪਈਆਂ ਹੋਈਆਂ ਹਨ। ਉਨ੍ਹਾਂ ਕਿਹਾ ਕਿ ਪਿੰਡਾਂ ਵਿੱਚ ਇਸ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਹਾੜੇ ਦੇ ਸੰਬੰਧ ਵਿੱਚ ਤੜਕਸਾਰ ਅੰਮ੍ਰਿਤ ਵੇਲੇ ਪ੍ਰਭਾਤ ਫੇਰੀਆਂ ਕੱਢੀਆਂ ਜਾ ਰਹੀਆਂ ਹਨ। ਪਿੰਡਾਂ ਵਿੱਚ ਸਵੇਰ ਸਾਰ ਬਿਜਲੀ ਸਪਲਾਈ ਬੰਦ ਹੋਣ ਤੋਂ ਬਾਅਦ ਸੋਲਰ ਸਿਸਟਮ ਨਾਲ ਚੱਲਣ ਵਾਲੀਆਂ ਸਟਰੀਟ ਲਾਈਟਾਂ ਰੋਸ਼ਨੀ ਦਿੰਦੀਆਂ ਸਨ, ਪਰ ਸੰਘਣੀ ਧੁੰਦ ਦੌਰਾਨ ਸਟਰੀਟ ਲਾਈਟਾਂ ਬੰਦ ਹੋਣ ਕਾਰਨ ਪ੍ਰਭਾਤ ਫੇਰੀ ਦੌਰਾਨ ਸੰਗਤਾਂ ਨੂੰ ਵੱਡੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ।

### ਹਲਕੇ ਪਾਣੀ ਦੀ ਸਿੰਚਾਈ ਕੀਤੀ ਜਾਵੇ : ਡਾ. ਅਮਰੀਕ ਸਿੰਘ

ਖੇਤੀਬਾੜੀ ਵਿਭਾਗ ਜ਼ਿਲ੍ਹਾ ਸਿਖਲਾਈ ਅਫ਼ਸਰ ਡਾ. ਅਮਰੀਕ ਸਿੰਘ ਨੇ ਕਿਹਾ ਕਿ ਕੜਾਕੇ ਦੀ ਪੈ ਰਹੀ ਸਰਦੀ ਅਤੇ ਧੁੰਦ ਦੌਰਾਨ ਲੋੜ ਅਨੁਸਾਰ ਕਣਕਾਂ ਅਤੇ ਬੀਜ ਲਈ ਰੱਖੇ ਕਮਾਦ ਨੂੰ ਹਲਕੇ ਪਾਣੀ ਦੀ ਸਿੰਚਾਈ ਕੀਤੀ ਜਾਵੇ। ਠੰਢ ਦੌਰਾਨ ਹਲਕੇ ਪਾਣੀ ਨਾਲ ਠੰਢ ਦੇ ਮਾੜੇ ਪ੍ਰਕੋਪ ਤੋਂ ਫ਼ਸਲਾਂ ਦਾ ਬਚਾਅ ਹੁੰਦਾ ਹੈ।

# ਕਣਕ ਦੇ ਪੀਲੇ ਪੈਣ ਦਾ ਕਾਰਨ ਪਤਾ ਕਰਨਾ ਅਤੇ ਇਲਾਜ ਬਹੁਤ ਜ਼ਰੂਰੀ

ਕਣਕ ਦੀ ਫ਼ਸਲ ਨੂੰ ਜ਼ਿਆਦਾ ਪਾਣੀ ਲਗਾਉਣ ਨਾਲ ਮਿੱਟੀ ਵਿੱਚ ਨਮੀ ਆ ਜਾਂਦੀ ਹੈ, ਜਿਸ ਨਾਲ ਫ਼ਸਲ ਪੀਲੀ ਪੈਣ ਲੱਗਦੀ ਹੈ, ਕਿਉਕਿ ਜੜ੍ਹਾਂ ਨੂੰ ਆਕਸੀਜਨ ਘੱਟ ਮਿਲਦੀ ਹੈ। ਇਸ ਦਾ ਇਲਾਜ ਖੇਤੀ ਮਾਹਿਰਾਂ ਦੀ ਸਲਾਹ ਨਾਲ ਕਰਨਾ ਜ਼ਰੂਰੀ ਹੈ। ਜ਼ਿਲ੍ਹਾ ਗੁਰਦਾਸਪੁਰ ਦੇ ਮੁੱਖ ਖੇਤੀਬਾੜੀ ਅਧਿਕਾਰੀ ਡਾ. ਕ੍ਰਿਪਾਲ ਸਿੰਘ ਢਿੱਲੋਂ ਨੇ ਕਿਹਾ ਕਿ ਜ਼ਿਆਦਾ ਪਾਣੀ ਲੱਗਣ ਕਾਰਨ ਮਿੱਟੀ ਵਿੱਚ ਨਮੀ ਆਉਣ ਨਾਲ ਕਣਕ ਦੀ ਫ਼ਸਲ ਪੀਲੀ ਪੈ ਜਾਂਦੀ ਹੈ। ਪਰੰਤੂ ਕਿਸਾਨਾਂ ਨੂੰ ਘਬਰਾਉਣ ਦੀ ਜ਼ਰੂਰਤ ਨਹੀਂ ਹੈ। ਉਨ੍ਹਾਂ ਕਿਹਾ ਕਿ ਕਣਕ ਦੀ ਫ਼ਸਲ ਦਾ ਇਹ ਪੀਲਾਪਲ ਮਿੱਟੀ ਵਿੱਚ ਵਾਯੂ ਸੰਚਾਰ ਦੀ ਕਮੀ ਦੇ ਕਾਰਨ ਹੁੰਦਾ ਹੈ। ਇਸ ਲਈ ਮਿੱਟੀ ਵਿੱਚ ਹਵਾ ਆਉਣ 'ਤੇ 3 ਕਿਲੋਗ੍ਰਾਮ ਯੂਰੀਆ ਪ੍ਰਤੀ ਏਕੜ 100 ਲੀਟਰ ਪਾਣੀ ਵਿੱਚ ਘੋਲ ਕੇ ਗੋਲ ਨੋਜ਼ਲ ਰਾਹੀਂ ਛਿੜਕਾਅ ਕਰਨਾ ਚਾਹੀਦਾ ਹੈ। ਜਿਨ੍ਹਾਂ ਖੇਤਾਂ ਵਿੱਚ ਝੋਨੇ ਦੇ ਡੰਠਲ ਨੂੰ ਸੰਭਾਲ ਕੇ ਸੁਪਰ ਸੀਡਰ/ਸਮਾਰਟ ਸੀਡਰ ਜਾਂ ਸਰਫੇਸ ਸੀਡਿੰਗ/ਮਲਚਿੰਗ ਤਕਨੀਕ ਰਾਹੀਂ ਕਣਕ ਦੀ ਬਿਜਾਈ ਕੀਤੀ ਗਈ ਹੈ, ਉਸ ਵਿੱਚ ਯੂਰੀਆ ਖਾਦ ਦੀ ਦੂਜੀ ਕਿਸ਼ਤ ਦਾ ਛਿੜਕਾਅ ਕਰਨਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਇਸ ਦੇ ਲਈ ਕਣਕ ਦੀ ਬਿਜਾਈ ਦੇ 45-50ਵੇਂ ਦਿਨ ਪ੍ਰਤੀ ਏਕੜ 20 ਕਿਲੋਗ੍ਰਾਮ ਯੂਰੀਆ ਨੂੰ 200 ਲੀਟਰ ਪਾਣੀ ਵਿੱਚ ਗੋਲ ਨੋਜ਼ਲ ਨਾਲ ਘੋਲਣਾ ਚਾਹੀਦਾ ਹੈ ਅਤੇ ਤਿੰਨ ਹਫਤਿਆਂ ਬਾਅਦ 20 ਕਿਲੋਗ੍ਰਾਮ ਯੂਰੀਆ ਪ੍ਰਤੀ ਏਕੜ ਮੁੜ ਛਿੜਕਾਅ ਕਰ ਸਕਦੇ ਹੋ।



## ਕਿਸਾਨ ਆਪਣੀ ਮੌਜੂਦਗੀ ਵਿੱਚ ਕਰਵਾਉਣ ਦਵਾਈ ਦਾ ਛਿੜਕਾਅ

ਡਾ. ਕ੍ਰਿਪਾਲ ਸਿੰਘ ਢਿੱਲੋਂ ਨੇ ਕਿਹਾ ਕਿ ਕਣਕ ਦੀ ਫ਼ਸਲ ਵਿੱਚ ਯੂਰੀਆ ਖਾਦ ਦੀ ਵਰਤੋਂ ਕਰਦੇ ਸਮੇਂ ਕਿਸਾਨਾਂ ਨੂੰ ਮੌਕੇ 'ਤੇ ਜ਼ਰੂਰ ਮੌਜੂਦ ਰਹਿਣਾ ਚਾਹੀਦਾ ਹੈ। ਕਿਉਕਿ ਕਿਸਾਨ ਦੀ ਗੈਰ-ਮੌਜੂਦਗੀ ਵਿੱਚ ਮਜ਼ਦੂਰ ਸਹੀ ਮਾਤਰਾ ਵਿੱਚ ਵਰਤੋਂ ਨਹੀਂ ਕਰ ਸਕਦੇ ਹਨ, ਜਿਸ ਕਾਰਨ ਫ਼ਸਲ ਦੇ ਵਾਧੇ 'ਤੇ ਪ੍ਰਤੀਕੂਲ ਪ੍ਰਭਾਵ ਪੈਂਦਾ ਹੈ। ਮੁੱਖ ਖੇਤੀਬਾੜੀ ਅਧਿਕਾਰੀ ਨੇ ਦੱਸਿਆ ਕਿ ਜੇਕਰ ਹਲਕੀ ਮਿੱਟੀ ਵਿੱਚ ਪਹਿਲੀ ਸਿੰਚਾਈ ਤੋਂ ਬਾਅਦ ਕਣਕ ਦੀ ਫ਼ਸਲ ਪੀਲੀ ਪੈ ਜਾਵੇ ਤਾਂ ਇਹ ਮੈਗਨੀਜ਼ ਦੀ ਕਮੀ ਦੇ ਕਾਰਨ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਮਿੱਟੀ ਵਿੱਚ ਮੈਗਨੀਜ਼ ਦੀ ਪੂਰਤੀ ਲਈ ਪ੍ਰਤੀ ਏਕੜ 200 ਲੀਟਰ ਪਾਣੀ ਵਿੱਚ ਇੱਕ ਕਿਲੋਗ੍ਰਾਮ ਮੈਗਨੀਜ਼ ਸਲਫੇਟ ਮਿਲਾ ਕੇ ਛਿੜਕਾਅ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕਈ ਕਿਸਾਨ ਦੁਕਾਨਦਾਰਾਂ ਦੇ ਕਹਿਣ 'ਤੇ ਕਣਕ ਦੀ ਫ਼ਸਲ ਵਿੱਚ ਮੈਗਨੀਸ਼ੀਅਮ ਸਲਫੇਟ ਦਾ ਛਿੜਕਾਅ ਕਰ ਰਹੇ ਹਨ, ਜੋ ਗਲਤ ਹੈ। ਉਨ੍ਹਾਂ ਕਿਹਾ ਕਿ ਕਿਸਾਨ ਕਿਸੇ ਦੇ ਕਹਿਣ 'ਤੇ ਛਿੜਕਾਅ ਕਰਨ ਦੀ ਬਜਾਏ ਆਪਣੇ ਇਲਾਕੇ ਦੇ ਸੰਬੰਧਿਤ ਖੇਤੀ ਵਿਕਾਸ ਅਧਿਕਾਰੀ/ਖੇਤੀ ਵਿਸਤਾਰ ਅਧਿਕਾਰੀ ਜਾਂ ਖੇਤੀ ਅਧਿਕਾਰੀ ਜਾਂ ਮੁੱਖ ਖੇਤੀ ਅਧਿਕਾਰੀ ਨਾਲ ਸੰਪਰਕ ਕਰ ਸਕਦੇ ਹਨ ਅਤੇ ਉਨ੍ਹਾਂ ਵੱਲੋਂ ਕੀਤੀਆਂ ਗਈਆਂ ਸਿਫਾਰਿਸ਼ਾਂ ਦੇ ਅਨੁਸਾਰ ਇਲਾਜ ਕੀਤਾ ਜਾਣਾ ਚਾਹੀਦਾ ਹੈ।

# ਸਵਰਾਜ ਟਰੈਕਟਰਜ਼ ਨੇ ਪੇਸ਼ ਕੀਤਾ ਸਵਰਾਜ 8200 ਸਮਾਰਟ ਹਾਰਵੈਸਟਰ, ਮਿਲੀ ਉਤਸ਼ਾਹਜਨਕ ਪ੍ਰਤੀਕਿਰਿਆ

ਭਾਰਤ ਦਾ ਪਹਿਲਾ ਸਵਦੇਸ਼ੀ ਹਾਰਵੈਸਟਰ ਪੇਸ਼ ਕਰਨ ਤੋਂ ਬਾਅਦ ਮੋਹਾਲੀ ਸਥਿਤ ਸਵਰਾਜ ਟਰੈਕਟਰਜ਼ ਨੇ ਹਾਲ ਹੀ 'ਚ ਅਗਲੀ ਪੀੜ੍ਹੀ ਦਾ ਸਵਰਾਜ 8200 ਸਮਾਰਟ ਹਾਰਵੈਸਟਰ ਪੇਸ਼ ਕੀਤਾ, ਜਿਸ ਨੇ ਝੋਨੇ ਅਤੇ ਸੋਇਆਬੀਨ ਵਰਗੀਆਂ ਫਸਲਾਂ ਲਈ ਸਾਉਣੀ ਦੀ ਕਟਾਈ ਦੇ ਮੌਸਮ ਵਿਚ ਸ਼ਾਨਦਾਰ ਨਤੀਜੇ ਦਿੱਤੇ। ਇਸ ਸਫਲਤਾ ਨਾਲ ਕੰਪਨੀ ਹੁਣ ਆਗਾਮੀ ਹਾੜ੍ਹੀ ਸੀਜ਼ਨ ਵਿਚ ਇਸ ਉਤਪਾਦ ਦੀ ਚੰਗੀ ਮੰਗ ਦੀ ਉਮੀਦ ਕਰ ਰਹੀ ਹੈ। ਉਦਯੋਗ ਦੀ ਪਹਿਲੀਆਂ ਵਿਸ਼ੇਸ਼ਤਾਵਾਂ ਉੱਨਤ ਟਿਕਾਊਪਨ ਅਤੇ ਕਈ ਹੋਰ ਵਿਸ਼ੇਸ਼ ਫਸਲਾਂ ਦੀਆਂ ਲੋੜਾਂ ਲਈ ਬੇਜੋੜ ਸੇਵਾ ਨਾਲ ਨਵਾਂ ਸਵਰਾਜ 8200 ਸਮਾਰਟ ਹਾਰਵੈਸਟਰ ਇਕ ਵਿਅਕਤੀ ਕਟਾਈ ਸਲਿਊਸ਼ਨ ਹੈ ਜੋ ਇਕ ਮੋਹਰੀ ਇੰਟੈਲੀਜੈਂਟ ਹਾਰਵੈਸਟਿੰਗ ਸਿਸਟਮ ਦੇ ਮਾਧਿਅਮ ਰਾਹੀਂ ਬਿਹਤਰ ਸਮਰੱਥਾਵਾਂ ਮੁਹੱਈਆ ਕਰਦਾ ਹੈ।

ਨਵਾਂ ਸਵਰਾਜ 8200 ਸਮਾਰਟ ਹਾਰਵੈਸਟਰ ਇਕ ਇਨ-ਹਾਊਸ ਵਿਕਸਿਤ ਅਤੇ ਨਿਰਮਿਤ ਇੰਜਣ ਵਲੋਂ ਸੰਚਾਲਿਤ ਹੈ ਜੋ ਸਰਬੋਤਮ ਸ਼੍ਰੇਣੀ ਦੀ ਈਂਧਨ ਅਰਥਵਿਵਸਥਾ ਦੇ ਨਾਲ-ਨਾਲ ਚੌਗਿਰਦੇ ਦੇ ਅਨੁਕੂਲ ਬੀ. ਐੱਸ.-4 ਨਿਕਾਸੀ ਮਾਪਦੰਡਾਂ ਨੂੰ ਮੁਹੱਈਆ ਕਰਦਾ ਹੈ। ਕੇਰਾਸ ਵਖਾਰੀਆ, ਸੀਨੀਅਰ ਉੱਪ-ਪ੍ਰਧਾਨ ਅਤੇ ਬਿਜ਼ਨੈੱਸ ਹੈੱਡ, ਫਾਰਮ ਮਸ਼ੀਨਰੀ, ਮਹਿੰਦਰਾ ਐਂਡ ਮਹਿੰਦਰਾ ਲਿਮਟਿਡ ਨੇ ਦੱਸਿਆ ਕਿ ਸਵਰਾਜ ਭਾਰਤ ਵਿਚ ਕਟਾਈ ਤਕਨਾਲੋਜੀ ਵਿਚ ਮੋਹਰੀ ਰਿਹਾ ਹੈ ਅਤੇ ਨਵਾਂ ਸਵਰਾਜ 8200 ਸਮਾਰਟ ਹਾਰਵੈਸਟਰ ਇਕ ਨਵੀਂ ਤਕਨਾਲੋਜੀ ਬੈਂਚਮਾਰਚ ਸਥਾਪਿਤ ਕਰ ਕੇ ਇਸ ਵਿਰਾਸਤ ਨੂੰ ਅੱਗੇ ਵਧਾਉਂਦਾ ਹੈ। ਆਪਣੇ ਇੰਟੈਲੀਜੈਂਟ ਹਾਰਵੈਸਟਿੰਗ ਸਿਸਟਮ ਦੇ ਆਧਾਰ 'ਤੇ ਕੰਪਨੀ ਦੀ ਸੇਵਾ ਅਤੇ ਉਤਪਾਦ ਸਹਾਇਤਾ ਟੀਮ ਹਾਰਵੈਸਟਰ ਦੇ ਪ੍ਰਦਰਸ਼ਨ ਅਤੇ ਸਿਹਤ ਦੀ 24 ਘੰਟੇ ਨਿਗਰਾਨੀ ਮੁਹੱਈਆ ਕਰਦੀ ਹੈ, ਜਿਸ ਨਾਲ ਗਾਹਕ ਸਹਾਇਤਾ ਦੇ ਬੇਜੋੜ ਮਿਆਰ ਬਣਦੇ ਹਨ।



ਗਾਹਕਾਂ ਦੀ ਸੰਤੁਸ਼ਟੀ ਲਈ ਸਵਰਾਜ ਦੀ ਵਚਨਬੱਧਤਾ ਦੇ ਹਿੱਸੇ ਵਜੋਂ ਸਵਰਾਜ 8200 1 ਸਾਲ, ਅਸੀਮਿਤ ਘੰਟੇ ਦੀ ਹਾਰਵੈਸਟਰ ਵਾਰੰਟੀ ਅਤੇ 2 ਸਾਲ ਅਸੀਮਿਤ ਘੰਟੇ ਦੀ ਇੰਜਣ ਵਾਰੰਟੀ ਨਾਲ ਆਉਂਦਾ ਹੈ। 450 ਤੋਂ ਵੱਧ ਸਿਖਲਾਈ ਪ੍ਰਾਪਤ ਓਪਰੇਟਰਾਂ ਅਤੇ ਇਕ ਸਮਰਪਿਤ ਹੁਨਰ ਵਿਕਾਸ ਕੇਂਦਰ ਨਾਲ ਸਵਰਾਜ ਸਰਗਰਮ ਤੌਰ 'ਤੇ ਪੂਰੇ ਭਾਰਤ ਵਿਚ ਆਪਣੇ ਓਪਰੇਟਰ ਪੂਲ ਦਾ ਵਿਸਤਾਰ ਕਰ ਰਿਹਾ ਹੈ।

## ਸਮਾਰਟ ਹਾਰਵੈਸਟਰ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ

ਬਿਲਟ-ਇਨ ਟੈਲੀਮੈਟਿਕਸ ਨਾਲ ਸਵਰਾਜ 8200 ਲਾਈਵ ਟ੍ਰੈਕਿੰਗ ਅਤੇ ਸੰਚਾਲਨ ਦੇ ਰਿਮੋਟ ਲਰਨਿੰਗ ਦੀ ਇਜਾਜ਼ਤ ਦਿੰਦਾ ਹੈ। ਇਹ ਨਾ ਸਿਰਫ ਸੰਚਾਲਨ ਕੰਟਰੋਲ ਨੂੰ ਵਧਾਉਂਦਾ ਹੈ ਸਗੋਂ ਕੁਸ਼ਲ ਥ੍ਰੈਸ਼ਿੰਗ, ਸਫਾਈ ਅਤੇ ਸੈਪਰੇਸ਼ਨ 'ਚ ਵੀ ਯੋਗਦਾਨ ਦਿੰਦਾ ਹੈ, ਜਿਸ ਨਾਲ ਅਨਾਜ ਦੀ ਵਧੀਆ ਸਫਾਈ ਯਕੀਨੀ ਹੁੰਦੀ ਹੈ। ਰਿਮੋਟ ਟ੍ਰੈਕਿੰਗ ਅਤੇ ਵਾਹਨ ਸਿਹਤ ਨਿਗਰਾਨੀ ਸੇਵਾ ਅਲਰਟ ਨਾਲ ਕਿਸਾਨਾਂ ਨੂੰ ਆਪਣੇ ਉਪਕਰਨਾਂ ਦੇ ਪ੍ਰਦਰਸ਼ਨ ਨਾਲ ਜੁੜੇ ਰਹਿਣ ਵਿਚ ਸਮਰੱਥ ਬਣਾਉਂਦੀ ਹੈ। ਇਸ ਵਿਚ ਈਂਧਨ ਦੀ ਖਪਤ, ਏਕੜ ਅਤੇ ਇੱਥੋਂ ਤੱਕ ਕਿ ਟ੍ਰੇਮ 4 ਨਾਲ ਸਬੰਧਤ ਸੰਕੇਤਕ ਜਿਵੇਂ ਐਡ ਬਲੂ ਪੱਧਰ ਵਰਗੇ ਮਾਨੀਟਰਿੰਗ ਪੈਰਾਮੀਟਰ ਸ਼ਾਮਲ ਹਨ।

ਸਵਰਾਜ 8200 ਸੇਵਾ ਵਿਚ ਸਮਾਰਟ ਮੋਹਰੀ ਵਿਸ਼ੇਸ਼ਤਾਵਾਂ ਪੇਸ਼ ਕਰਦਾ ਹੈ, ਜਿਸ ਵਿਚ ਸੇਵਾ ਅਲਰਟ, ਅਸਲ ਸਮੇਂ ਦੀ ਜਾਣਕਾਰੀ ਅਤੇ ਮਦਦ ਮੁਹੱਈਆ ਕਰਨਾ ਸ਼ਾਮਲ ਹੈ ਤਾਂ ਕਿ ਇਹ ਯਕੀਨੀ ਕੀਤਾ ਜਾ ਸਕੇ ਕਿ ਹਾਰਵੈਸਟਰ ਘੱਟ ਡਾਊਨ ਟਾਈਮ ਅਤੇ ਵਧੀ ਹੋਈ ਸਮੁੱਚੀ ਕੁਸ਼ਲਤਾ ਨਾਲ ਵਧੀਆ ਢੰਗ ਨਾਲ ਕੰਮ ਕਰੇ।

ਨਵਾਂ ਡਿਜ਼ਾਈਨ ਕੀਤਾ ਗਿਆ ਕਟਰ ਬਾਰ ਵੱਖ-ਵੱਖ ਕਿਸਮ ਦੀਆਂ ਫਸਲਾਂ 'ਚ ਕੁਸ਼ਲਤਾ, ਬਹੁਮੁਖੀ ਪ੍ਰਤਿਭਾ ਅਤੇ ਟਿਕਾਊਪਨ ਯਕੀਨੀ ਕਰਦਾ ਹੈ। ਵਾਬਲ ਗੇਅਰਬਾਕਸ, 18 ਫੀਡਰ ਆਗੁਰ, ਅੰਡਰਬਾਡੀ ਸਕਿਡ ਪਲੇਟ ਅਤੇ ਸੁਰੱਖਿਆ ਕਲੱਚ ਵਰਗੀਆਂ ਵਿਸ਼ੇਸ਼ਤਾਵਾਂ ਸਰਵਾਜ 8200 ਨੂੰ ਨਮੀ ਵਾਲੇ ਝੋਨੇ ਦੇ ਖੇਤਾ ਵਰਗੇ ਚੁਣੌਤੀਪੂਰਣ ਹਾਲਤਾਂ 'ਚ ਵੀ ਇਕ ਭਰੋਸੇਯੋਗ ਬਦਲ ਬਣਾਉਂਦੀਆਂ ਹਨ।

ਇਹ ਇਕ ਇੰਟੈਲੀਜੈਂਟ ਇੰਜਣ ਨਾਲ ਲੈਸ ਹੈ ਜੋ ਨਾ ਸਿਰਫ ਈਂਧਨ ਦੀ ਖਪਤ ਵਿਚ 30 ਫੀਸਦੀ ਦੀ ਕਮੀ ਯਕੀਨੀ ਕਰਦਾ ਹੈ ਸਗੋਂ ਸ਼੍ਰੇਣੀ 'ਚ ਸਰਬੋਤਮ ਡਰਾਈਵਿੰਗ ਲਈ ਸੀ.ਆਰ.ਡੀ.ਈ. ਤਕਨੀਕ ਵੀ ਸ਼ਾਮਲ ਕਰਦਾ ਹੈ। ਇਸ ਨਾਲ ਕਿਸਾਨਾਂ ਲਈ ਅਹਿਮ ਬੱਚਤ ਹੁੰਦੀ ਹੈ, ਜਿਸ ਨਾਲ ਇਹ ਇਕ ਲਾਗਤ ਪ੍ਰਭਾਵੀ ਬਦਲ ਬਣ ਜਾਂਦਾ ਹੈ।




ਖੇਤੀ ਦੁਨੀਆਂ

ਵੱਲੋਂ

ਕਿਸਾਨ ਭਰਾਵਾਂ ਅਤੇ ਡੀਲਰ/ਡਿਸਟਰੀਬਿਊਟਰਾਂ ਲਈ

ਚੰਦਿਆਂ 'ਤੇ ਵਿਸ਼ੇਸ਼ ਛੂਟ

ਵੱਟਸਐਪ ਰਾਹੀਂ ਫਰੀ ਸਰਵਿਸ ਪਾਓ।

ਇੱਕ ਸਾਲ ਲਈ 300/- ਰੁਪਏ

ਦੋ ਸਾਲ ਲਈ 500/- ਰੁਪਏ

KHETI DUNIYAN
TID - 62763351

ਚੰਦੇ ਭਰਨ ਲਈ QR ਕੋਡ ਸਕੈਨ ਕਰੋ।

Excellence in Agri Info

KHETI DUNIYAN
An Exclusive Agril. Weekly

ਖੇਤੀ ਦੁਨੀਆਂ

ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001

ਮੋ. 90410-14575 ਈ-ਮੇਲ : khetiduniyan1983@gmail.com